# ਅੰਮ੍ਰਿਤ ਕੀਰਤਨ

## Amrit Kirtan



ਦਸੰਬਰ 2007

ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 12 ♦ ਸਾਲ ਉਨ੍ਹੀਵਾਂ ♦ ਦਸੰਬਰ 2007



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| **ਕਰਉ ਬੇਨੰਤੀਆ**<br>*ਸੰਪਾਦਕੀ* | 2 |
| **ਗੁਰੂ ਨਾਨਕ ਤੁਠੇ ਤਾਂ ਕੀਰਤਨ ਕਰਾਏ**<br>*ਕਰਤਾਰ ਸਿੰਘ ਨੀਲਧਾਰੀ* | 3 |
| **ਗਜ਼ਲ ਦਾ ਦੂਸਰਾ ਨਾਮ ਬੇਗਮ ਅਖਤਰ**<br>*ਸੁਰਪ੍ਰੀਤ ਕੌਰ* | 9 |
| **ਸਾਡੇ ਕੀਰਤਨੀਏ ਭਾਈ ਸੁਖਵਿੰਦਰ ਸਿੰਘ**<br>*ਪ੍ਰੋ: ਮੰਗਤ ਸਿੰਘ ਮਸਤਾਨਾ* | 11 |
| **ਤਬਲਾ ਵਾਦਕ ਭਾਈ ਜਸਵਿੰਦਰ ਸਿੰਘ 'ਪੱਪੂ'**<br>*ਗੁਰਜੰਤ ਸਿੰਘ ਰਾਹੀ* | 12 |
| **Guru Granth Sahib and Musical Conciousness for Divine Connection**<br>*Dr. Inderjit N. Kaur and S. Pritam Singh Kohli* | 13 |
| **ਸੁਰ ਲਿਪੀ**<br>*ਹਰਦੀਪ ਕੌਰ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ** | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 98145 25351

# ਮੁਸਕੁਰਾਹਟ

ਸਾਡੇ ਇੱਕ ਭੈਣ ਜੀ ਹਨ- ਬਬਲੀ ਐਸ. ਸਿੰਘ । ਉਹ ਬੜੇ ਸੁਲਝੇ ਹੋਏ ਕਲਾਕਾਰ ਹਨ। ਕੁਦਰਤ ਨੂੰ ਚਿਤਰਨ ਕਰਨ ਵਾਲੇ ਵਧੀਆ ਚਿਤਰਕਾਰਾਂ ਵਿੱਚੋਂ ਇੱਕ ਹਨ। ਮੋਬਾਈਲ ਰਾਹੀਂ ਉਹਨਾਂ ਵੱਲੋਂ ਕਦੀ ਕਦੀ ਜਿਹੜੇ ਸੰਖੇਪ ਸੁਨੇਹੇ ਆਉਂਦੇ ਹਨ ਉਹ ਵੀ ਚਿਤਰਕਾਰੀ ਦਾ ਇੱਕ ਨਮੂਨਾ ਜਾਪਦੇ ਹਨ। ਪਿੱਛੇ ਜਿਹੇ ਉਹਨਾਂ ਵੱਲੋਂ ਇੱਕ ਸੰਖੇਪ ਸੁਨੇਹਾ ਆਇਆ-

Smiles are like birds; they fly from face to face. May your lips give them better nest, so that they can stay for ever. So keep smiling.

- ਇਹ ਸੁਨੇਹਾ ਪੜ੍ਹ ਕੇ ਮੁਸਕੁਰਾਹਟ ਸੰਬੰਧੀ ਹੋਰ ਅਨੇਕਾਂ ਕਥਨ ਯਾਦ ਆਏ। ਚੀਨੀ ਕਹਾਵਤ ਹੈ- ਜਿਸ ਨੂੰ ਮੁਸਕੁਰਾਉਣਾ ਨਹੀਂ ਆਉਂਦਾ ਉਸ ਨੂੰ ਦੁਕਾਨ ਨਹੀਂ ਖੋਹਲਣੀ ਚਾਹੀਦੀ। ਜਦੋਂ ਸਾਡੇ ਬੂਹੇ ਤੇ ਕੋਈ ਸੇਲਜ਼ ਮੈਨ ਆਉਂਦਾ ਹੈ ਤਾਂ ਸਾਡੇ ਮਨ ਵਿੱਚ ਬੜੀ ਖਿਝ ਹੁੰਦੀ ਹੈ ਪਰ ਉਸ ਦੇ ਚਿਹਰੇ ਦੀ ਮੁਸਕਾਨ ਦੇਖ ਕੇ ਅਸੀਂ ਵੀ ਮੁਸਕੁਰਾਉਂਦੇ ਹਾਂ ਅਤੇ ਮਾਹੌਲ ਸੁਖਾਵਾਂ ਹੋ ਜਾਂਦਾ ਹੈ। ਸਿਆਣੇ ਆਖਦੇ ਹਨ - ਸਵੇਰੇ ਤਿਆਰ ਹੋਣ ਵੇਲੇ ਸ਼ੀਸ਼ੇ ਵੱਲ ਵੇਖ ਕੇ ਮੁਸਕੁਰਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ। ਅਸਲ ਵਿੱਚ ਹਰ ਧਰਮ ਦੀ ਰਹਿਤ ਮਰਯਾਦਾ ਵਿੱਚ ਮੁਸਕੁਰਾਉਣ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਮੁਸਕਰਾਉਣ ਸਬੰਧੀ ਹੋਰ ਵੀ ਸੰਖੇਪ ਸੁਨੇਹੇ ਪ੍ਰਾਪਤ ਹੋਏ ਹਨ-

-Always welcome a new day with a smile on your lips, love in your heart and good thoughts in your mind.

-So simple it is to live, so simple it is to love, so simple it is to smile, but it is too difficult to be so simple.

-SMILE
S-sets you free
M-makes you special
I-increases your face value
L-lifts up your spirits
E-erases all your tension
So keep smiling.

-Smiling faces do not mean that there is absence of sorrow, but it means that they have ability to deal with them.

-Which is the longest word in English?
SMILES
Because there is a mile gap between s and s, so keep smiling.

-One seed can create a forest. One smile can start a relationship. One touch can show love and care. And one friend can bring meaning to life.

-A sweeter smile, a brighter day, and hope every thing turns out great for you today.

-Always strive to be the first - first to nod, first to smile, first to compliment, first to help, first to forgive!

-Always be happy, always wear a smile; not because life is full of reasons to smile, but your smile itself is a reason for many to smile.

# ਗੁਰੂ ਨਾਨਕ ਤੁਠੇ ਤਾਂ ਕੀਰਤਨ ਕਰਾਏ

ਕਰਤਾਰ ਸਿੰਘ ਨੀਲਧਾਰੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਕਲਿਆਣੀ ਗੁਰਮਤਿ ਦਾ ਪ੍ਰਚਾਰ ਕਰਨ ਲਈ ਚਰਨ ਸ਼ਰਨਾਗਤ ਜੀਅੜਿਆਂ ਨੂੰ ਸਿੱਖ ਬਣਾਇਆ ਅਤੇ "ਭਾਈ ਸਿੱਖਾ" ਦਾ ਮਾਣ ਬਖਸ਼ ਕੇ ਸਿੱਖ ਧਰਮ ਨੂੰ ਧਰਤੀ ਤੇ ਪ੍ਰਗਟ ਕੀਤਾ। ਗੁਰੂ ਜੀ ਨੇ ਉਦਾਸੀਆਂ ਦੇ ਆਰੰਭ ਵਿਚ ਹੀ ਭਾਈ ਮਰਦਾਨਾ ਜੀ ਤੇ ਬਾਲਾ ਜੀ ਨੂੰ ਨਾਲ ਤੋਰਿਆ ਤੇ ਇਸ ਤਰ੍ਹਾਂ ਆਪਣੇ ਫਲਸ਼ਫੇ ਦੇ ਕਿਰਿਆਤਮਕ ਰੂਪ ਵਿਚ ਤਤਕਾਲੀਨ ਹਿੰਦੂ ਧਰਮ ਤੇ ਇਸਲਾਮ ਦੇ ਦੁਫਾੜ ਨੂੰ ਇਕ ਸਰਬ ਸਾਂਝਾ ਸਾਵਾਂ ਸਿੱਖੀ ਮੰਚ ਪ੍ਰਦਾਨ ਕੀਤਾ। ਗੁਰੂ ਜੀ ਨੇ ਇਕ ਪ੍ਰਮਾਤਮਾ ਦੇ ਨਾਮ ਦੀ ਅਲੱਖ ਹੀ ਨਹੀਂ ਜਗਾਈ ਸਗੋਂ ਉਸ ਦੇ ਨਾਮ ਦੇ ਗੀਤ ਸ਼ਬਦ ਗਾ-ਗਾ ਕੇ ਲੋਕਾਈ ਦੇ ਤਪਦੇ ਹਿਰਦਿਆਂ ਨੂੰ ਅੰਮ੍ਰਿਤ-ਬਾਣੀ-ਕੀਰਤਨ ਨਾਲ ਸੀਤਲਤਾ ਬਖਸ਼ੀ। ਇਸ ਰਬਾਬ ਸੁਨੇਹਿਆਂ ਵਿਚ ਇਕ ਅਕਾਲ ਪੁਰਖ, ਪਰਮਾਤਮਾ, ਖੁਦਾ ਅੱਲਾ ਜਾਂ ਓਅੰਕਾਰ ਦੀ ਉਸਤਤਿ ਗਾਈ ਸੁਣਾਈ ਜਾਂਦੀ ਅਤੇ ਗੁਰੂਆਂ ਦੇ ਉਪਦੇਸ਼ ਦਾ ਬ੍ਰਹਮ ਸੁਨੇਹਾ ਦਿੱਤਾ ਜਾਂਦਾ ਰਿਹਾ। ਇਸੇ ਤੱਥ ਨੂੰ ਮੂਲ ਮੰਤਰ ਦੀ ਇੱਕ ਓਅੰਕਾਰੀ ਪਰਿਭਾਸ਼ਾ ਦੇ ਨਾਲ ਗੁਰ ਪ੍ਰਸਾਦਿ ਦੀ ਲਾਜ਼ਮੀ ਤੇ ਪ੍ਰਮਾਣਿਕ ਲੋੜ ਦਾ ਬ੍ਰਹਮ ਵਿਚਾਰ ਹੀ ਸਾਰੀ ਦੁਨੀਆ ਨੂੰ ਵਿਸ਼ਵ ਧਰਮ ਦੇ ਅਨੁਰੂਪ ਸਿੱਖ ਧਰਮ ਵਿਚ ਦੀਕਸ਼ਿਤ ਹੋਣ ਦਾ ਸੁਨੇਹਾ ਅੱਠੇ ਪਹਿਰ ਦੇ ਰਿਹਾ ਹੈ। ਤਤਕਾਲੀਨ ਸਮੇਂ ਗੁਰੂ ਜੀ ਨੇ ਹਰੇਕ ਸੰਪ੍ਰਦਾ ਜਾਂ ਧਰਮ ਮੱਤ ਵਾਲੇ ਕੁਝ ਬਣੇ ਬੈਠੇ ਜਾਂ ਪ੍ਰਸ਼ਨ ਕਰਤਾ ਵਿਅਕਤੀ ਨੂੰ ਉਹਨਾਂ ਦੇ ਧਰਮ ਮਾਰਗ ਦੀ ਗੁਰੂ ਪ੍ਰਦੱਤ ਪਰਿਭਾਸ਼ਾਵਾਂ ਚੇਤੇ ਕਰਾਈਆਂ। ਚਾਹੇ ਵਿਦਵਾਨ ਬ੍ਰਾਹਮਣ, ਜੋਗੀ, ਸਾਸ਼ਤ੍ਰਕਾਰ, ਕਾਜੀ, ਮੁੱਲਾਂ ਜਾਂ ਸੰਨਿਆਸੀ ਹੋਵੇ ਸਭ ਨੂੰ ਨਿੱਜ ਭੇਖ ਅਤੇ ਸੰਪ੍ਰਦਾ ਦੇ ਅਸੂਲਾਂ ਨਾਲ ਇਮਾਨਦਾਰ ਹੋਣ ਦੀ ਸਿੱਖਿਆ ਦਿੱਤੀ। ਅਜਿਹੇ ਸਭਨਾਂ ਸਿਆਣਿਆਂ ਨੂੰ ਗੁਰੂ ਜੀ ਨੇ ਗੁਰੂ ਬਾਣੀ ਰਾਹੀਂ ਉਹਨਾਂ ਦੀ ਸਟੀਕ ਪਰਿਭਾਸ਼ਾਵਾਂ ਦੱਸ ਕੇ ਆਤਮ ਚਿੰਤਨ ਲਈ ਹੁਲਾਰੇ ਦੇ ਕੇ ਸਾਰੇ ਦੇਸ਼-ਪ੍ਰਦੇਸਾਂ ਵਿਚ ਵਿਚਾਰ ਕ੍ਰਾਂਤੀ ਲੈ ਆਂਦੀ ਜਿਸ ਦਾ ਸਾਧਨ ਕੀਰਤਨ ਨੂੰ ਬਣਾਇਆ।

ਪੂਰਨ ਗੁਰੂ ਪਹਿਲਾਂ ਦਿਸ਼ਾ ਹੀ ਦਸਦਾ ਹੈ ਅਤੇ ਸ਼ਰਨਾਗਤ ਹੋਏ ਨੂੰ ਹੀ ਦੀਖਿਆ ਦੇ ਕੇ ਆਪਣੇ ਜਹਾਜ਼ ਤੇ ਚੜ੍ਹਾਉਂਦਾ ਹੈ। ਭਗਵਤ ਗੀਤਾ ਵਿਚ ਅਸੀਂ ਸਪਸ਼ਟ ਦੇਖਦੇ ਹਾਂ ਕਿ ਜਦ ਤੱਕ ਅਰਜਨ ਪੂਰੀ ਤਰ੍ਹਾਂ ਸਮਰਪਿਤ ਨਾ ਹੋਇਆ ਭਗਵਾਨ ਸ੍ਰੀ ਕ੍ਰਿਸ਼ਨ ਯੁੱਧ ਕਰਨ ਦੀ ਪ੍ਰੇਰਨਾ ਦਾ ਹੀ ਸੰਵਾਦ ਕਰਦੇ ਰਹੇ। ਜਦੋਂ ਅਰਜਨ ਆਪਾ ਤਿਆਗ ਕੇ ਸ਼ਰਨਾਗਤ ਹੋਇਆ ਤਾਂ ਗੁਰੂ ਰੂਪ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਭਗਵਤ ਗੀਤਾ ਰੂਪੀ ਅਨੁਪਮ ਉਪਦੇਸ਼ ਦਿੱਤਾ। ਅਰਜਨ ਨੂੰ ਸਮਝਾਇਆ ਕਿ ਇਕ ਕਸ਼ੱਤਰੀ ਹੋਣ ਦੇ ਨਾਤੇ ਉਸਦਾ ਯੁੱਧ ਕਰਨ ਦਾ ਕਰਮ ਹੀ ਧਰਮ ਹੈ। ਆਪਨੇ ਸਪਸ਼ਟ ਕਿਹਾ ਕਿ ਸੰਨਿਆਸ ਅਤੇ ਯੋਗ ਵਿਚ ਅਤੇ ਹੋਰ ਵਰਣਾਂ ਵਿਚ ਵੀ ਆਪਣੇ ਨਿਸ਼ਚਿਤ ਕਰਮ ਕਰਨੇ ਹੀ ਧਰਮ ਦਾ ਮਾਰਗ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਇਹੋ ਉਪਦੇਸ਼ ਹਰ ਥਾਂ ਹਰੇਕ ਜਗਿਆਸੂ ਨੂੰ ਦਿੱਤਾ ਹੈ ਕਿ ਜੀਵਨ ਵਿਚ ਸਾਰੇ ਕਰਮ ਨਿੱਜੀ ਧਰਮ ਅਨੁਸਾਰ ਸ਼ੁੱਧ ਤੇ ਇਮਾਨਦਾਰੀ ਨਾਲ ਕਰੋ। ਗੁਰੂ ਜੀ ਨੇ ਮੋਦੀਖਾਨੇ ਦੀ ਨੌਕਰੀ ਕਰਦੇ ਹੋਏ ਬੇਅੰਤ ਦਾਨ ਵੰਡਿਆ ਪਰ ਹਿਸਾਬ ਕਿਤਾਬ ਦੀ ਸੀਮਾ ਸਬੰਧਾਂ ਨੂੰ ਕਦੇ ਨਾ ਉਲੰਘਿਆ। ਹਰੇਕ ਐਡਿਟ ਚੈਕਿੰਗ ਤੋਂ ਬਾਅਦ ਗੁਰੂ ਜੀ ਦੀ ਲੈਣਦਾਰੀ ਹੀ ਨਿਕਲੀ, ਜਨਮ ਸਾਖੀ ਗੁਆਹੀ ਭਰਦੀ ਹੈ। ਉਦਾਸੀ ਦੇ ਪਹਿਲੇ ਪੜਾਅ ਸੈਦਪੁਰ ਜਾਂ ਏਮਨਾਬਾਦ ਵਿਚ ਭਾਈ ਲਾਲੋ ਦੀ ਹੱਕ ਹਲਾਲ ਵਾਲੀ ਦਸਾਂ ਨਹੁੰਆਂ ਦੀ ਕਮਾਈ ਦੀ ਰੋਟੀ ਵਿਚੋਂ ਦੁੱਧ ਚੁਆ ਕੇ ਜੱਗ ਲੋਕਾਈ ਨੂੰ ਮਲਕ ਭਾਗੋ ਦੇ ਪੂੜਿਆਂ ਵਿਚੋਂ ਗਰੀਬਾਂ ਦਾ ਲਹੂ ਚੁਆ ਕੇ ਵੀ ਦਿਖਾਇਆ। ਸ਼ੁੱਧ ਕਰਮਾਂ ਤੋਂ ਬਗੈਰ ਧਰਮ ਦੀ ਗੱਲ ਫਜ਼ੂਲ ਹੈ ਪਰ ਇਹ ਨਿਸ਼ਚਿਤ ਹੈ ਕਿ ਜੀਵਨ ਵਿਚ ਕੀਤੇ ਸਾਰੇ ਕਰਮਾਂ ਦਾ ਲੇਖਾ ਜੋਖਾ ਧਰਮ ਰਾਜ ਦੇ ਸਾਹਮਣੇ ਦੇਣਾ ਜ਼ਰੂਰ ਪੈਂਦਾ ਹੈ। ਇਸ ਲਈ ਮੂਲ ਗੁਰਬਾਣੀ ਗ੍ਰੰਥ ਜਪੁ ਸਾਹਿਬ ਦੇ ਅਖੀਰਲੇ ਸਲੋਕ ਵਿਚ ਕਰਮਯੋਗ ਤੇ ਕਰਮ ਫਲ ਸਿਧਾਂਤ ਨੂੰ ਸਪਸ਼ਟ ਕੀਤਾ ਹੈ:

*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ,*
*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥*

ਭਗਵਾਨ ਸ੍ਰੀ ਕ੍ਰਿਸ਼ਨ ਦੀ ਬਾਂਸੁਰੀ ਤਾਂ ਬ੍ਰਿੰਦਾਬਨ ਵਿਚ

ਛੁੱਟ ਗਈ ਸੀ ਅਤੇ ਮਗਰਲਾ ਸਾਰਾ ਜੀਵਨ ਸੁਦਰਸ਼ਨ ਚੱਕਰ ਨਾਲ ਕਾਲਚੱਕਰ ਦੀ ਕ੍ਰਾਂਤੀ ਪਰਿਵਰਤਨ ਕੀਤੇ ਗਏ। ਮਹਾਂਭਾਰਤ ਯੁੱਧ ਦੇ ਸ਼ੁਰੂ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਆਪਣਾ ਪਾਂਚਜਨਿਆ ਸੰਖ ਜ਼ਰੂਰ ਗੂੰਜਾਇਆ ਸੀ। ਗੁਰੂ ਨਾਨਕ ਜੀ ਨੇ ਵੀਣਾ ਦੇ ਬਦਲੇ ਰੂਪ ਰਬਾਬ ਨੂੰ ਅਜਿਹਾ ਨਾਲ ਰੱਖਿਆ ਕਿ ਕੀਰਤਨ ਤੇ ਸਿੱਖ ਧਰਮ ਇਕ ਦੂਜੇ ਦੇ ਪੂਰਕ ਹੋ ਗਏ। ਕਰਤਾਰਪੁਰ ਵਿਚ ਬੈਠ ਕੇ ਗੁਰੂ ਜੀ ਨੇ ਉਦਾਸੀ ਭੇਖ ਉਤਾਰ ਦਿੱਤਾ ਅਤੇ ਭਾਈ ਗੁਰਦਾਸ ਜੀ ਅਨੁਸਾਰ ਸਿੱਖ ਧਰਮ ਦੀ ਅਵਤਾਰੀ ਰੂਪ ਰੇਖਾ ਨਿਸ਼ਚਿਤ ਕਰਨੀ ਸ਼ੁਰੂ ਕੀਤੀ।

*ਫਿਰ ਬਾਬਾ ਆਇਆ ਕਰਤਾਰਪੁਰਿ*
*ਭੇਖ ਉਦਾਸੀ ਸਗਲ ਉਤਾਰਾ,*
*ਪਹਿਰਿ ਸੰਸਾਰੀ ਕਪੜੇ*
*ਮੰਜੀ ਬੈਠ ਕੀਆ ਅਵਤਾਰਾ।* (1-38)

ਕਰਤਾਰਪੁਰ ਵਿਚ ਕੀਰਤਨ ਨਿਤਨੇਮ ਨਿਸ਼ਚਿਤ ਕੀਤਾ ਗਿਆ। ਇਸ ਨਿਤਨੇਮ ਜੁਗਤਿ ਵਿਚ ਗੁਰੂ ਜੀ ਨੇ ਨਿਸ਼ਚਿਤ ਰੂਪ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੇ ਨੇਮ ਬਣਾ ਕੇ ਆਸਾ ਰਾਗ ਦੀ ਮਰਿਆਦਾ ਅਨੁਸਾਰ ਰਾਤ ਦੇ ਚੌਥੇ ਪਹਿਰ ਵਿਚ ਕੀਰਤਨ ਕਰਕੇ ਸੂਰਜ ਉਦੇ ਤੋਂ ਪਹਿਲਾ ਹੀ ਭੋਗ ਦੀ ਜੁਗਤਿ ਨਿਸ਼ਚਿਤ ਕਰ ਦਿੱਤੀ। ਇਸ ਵਾਰ ਨੂੰ ਬੀਰ ਰਸੀ ਟੁੰਡੇ ਅਸਰਜੇ ਦੀ ਧੁਨੀ ਦੇ ਕੇ ਨਿਤ ਗਿਆਨ ਲਈ ਲੋੜੀਂਦੇ ਸਲੋਕਾਂ ਨਾਲ ਲੋੜੀਂਦੀ ਪ੍ਰੌੜਤਾ ਤੇ ਚੇਤਨਾ ਦੇਣ ਦੀ ਜੁਗਤਿ ਵੀ ਨਿਸ਼ਚਿਤ ਕਰ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਬਾਣੀ ਸੰਕਲਨ ਸਮੇਂ ਇਹ ਸੂਚਨਾ ਦਰਜ ਕੀਤੀ ਹੈ-

ਆਸਾ ਮਹਲਾ 1 ਵਾਰ ਸਲੋਕਾਂ ਨਾਲਿ ਸਲੋਕੁ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੇ ਕੀ ਧੁਨੀ। ਸਲੋਕਾਂ ਵਿਚੋਂ ਸਤਾਰਾਂ ਸਲੋਕ ਮਹਲੇ ਦੂਜੇ ਦੇ ਹਨ ਪਰ ਕਿਉਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਜ਼ਰੇਮੰਜ਼ੂਰ ਹੋ ਕੇ ਕੀਰਤਨ ਦਾ ਅੰਗ ਬਣੇ ਅਤੇ ਗੁਰੂ ਜੀ ਦੇ ਨਾਮ ਨਾਲ ਹੀ ਦਰਜ ਕੀਤੇ ਗਏ ਪ੍ਰਮਾਣਿਤ ਹੁੰਦੇ ਹਨ।

ਭਾਰਤ ਵਿਚ ਆਤਮ ਗਿਆਨ ਜਾਂ ਬ੍ਰਹਮ ਗਿਆਨ ਇਕ ਵਰਗ ਵਿਸ਼ੇਸ਼ ਦੀ ਰਾਖਵੀਂ ਵਿਰਾਸਤ ਬਣ ਗਿਆ ਸੀ। ਬ੍ਰਹਮ ਨੂੰ ਬਿੰਦ ਲੈਣ ਵਾਲੇ ਬ੍ਰਾਹਮਣ ਮਗਰੋਂ ਜਾਤ ਅਭਿਮਾਨੀ ਖਾਲੀ ਢੋਲ ਬਣ ਗਏ। ਉਹ ਕਰਮ ਕਾਂਡ ਦੀ ਦੁਹਾਈਆਂ ਪਾ ਕੇ ਦਾਨ ਦਕਸ਼ਿਣਾ ਲੈ ਕੇ ਗੌਗੜਾ ਨੂੰ ਅਸੀਸਾਂ ਦੇਣ ਵਿਚ ਰੁੱਝ ਗਏ ਸਨ। ਮੁਸਲਮਾਨਾਂ ਵਿਚ ਵੀ ਕੇਵਲ ਗਿਣਤੀ ਦੇ ਸੂਫੀ ਘਰਾਨਿਆਂ ਵਿਚ ਤਕੀਏ ਲਗ ਗਏ ਅਤੇ ਸਿੱਧੀਆ ਕਰਾਮਾਤਾਂ ਨਾਲ ਇਸਲਾਮ ਦਾ ਪ੍ਰਚਾਰ ਜ਼ਰੂਰ ਵਧਿਆ। ਗੁਰੂ ਜੀ ਨੇ ਪਹਿਲੀ ਵਾਰੀ ਸੰਗਠਿਤ-ਸੁਨਿਯੋਜਨ ਨਾਲ ਬ੍ਰਹਮ ਵਿਚਾਰ ਦੀ ਬਾਣੀ ਸੰਸਾਰੀ ਕਿਰਤ-ਕਾਰਜਾਂ ਦੇ ਰੂਪਕਾਂ ਨਾਲ ਸ਼ਿੰਗਾਰ ਕੇ ਆਮ ਲੋਕਾਈ ਦੇ ਕੰਨਾਂ ਦੀ ਸਦੀਵੀ ਸ੍ਰੋਤ ਬਣਾ ਦਿੱਤੀ। ਭਗਤੀ ਲਹਿਰ ਦੇ ਭਗਤ ਬੇਸ਼ੱਕ ਇਹ ਕਾਰਜ ਟਾਪੂ ਜਾਂ ਖਿੱਤਿਆਂ ਦੇ ਰੂਪ ਵਿਚ ਦੋ ਤਿੰਨ ਸਦੀਆਂ ਪਹਿਲਾਂ ਆਰੰਭ ਕਰ ਚੁੱਕੇ ਸਨ। ਪਰ ਗੁਰੂ ਸਿੱਖ ਪਰੰਪਰਾ ਅਧੀਨ ਪੂਰਨ ਸਿੱਖ ਧਰਮ ਫਲਸਫਾ ਉਸਾਰ ਕੇ ਪ੍ਰਚੱਲਿਤ ਹਿੰਦੂ ਇਸਲਾਮ ਧਰਮ ਵਿਚ ਸਰਬ ਸਾਂਝਾ ਪਰਮੇਸ਼ਰੀ ਮਾਰਗ ਪਹਿਲੀ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ਕੀਰਤਨ ਦੇ ਅਧਾਰ ਨਾਲ ਦ੍ਰਿੜ ਕੀਤਾ ਹੈ।

ਆਤਮ ਗਿਆਨ ਅਨੁਭਵ ਵਿਚ ਜੋਤਿ ਪ੍ਰਕਾਸ਼ ਅਤੇ ਅਨਹਦ ਨਾਦ ਦੇ ਵਿਸਮਾਦੀ ਅਨੁਭਵ ਨੂੰ ਭਗਤਾਂ ਨੇ ਆਪਣੀ-ਆਪਣੀ ਬਾਣੀ ਵਿਚ ਪ੍ਰਗਟ ਕੀਤਾ ਹੈ। ਨਾਦਯੋਗ ਅਨੁਸਾਰ ਦਸ ਪ੍ਰਕਾਰ ਦੇ ਨਾਦ ਸ੍ਰਵਣ ਅਨੁਭਵ ਯੋਗੀਆਂ ਨੂੰ ਹੁੰਦੇ ਹਨ। ਜਪੁ ਯੋਗ ਜਾਂ ਨਾਦ ਯੋਗ ਵਿਚ ਰੰਗੇ ਭਗਤ ਸਾਧ ਨੂੰ ਦਸਾਂ ਨਾਦਾਂ ਦੀ ਸਾਂਝੀ ਸੁਰੀਲੀ ਧੁਨਕਾਰ ਸੁਣਨ ਦਾ ਮਾਨ ਮਿਲਦਾ ਹੈ। ਇਸ ਦਸ ਨਾਦਾਂ ਦੀ ਸਾਂਝੀ ਧੁਨਕਾਰ ਨੂੰ ਹੀ ਅਨਹਦ ਨਾਦ ਕਿਹਾ ਜਾਂਦਾ ਹੈ ਅਤੇ ਧੁਨਕਾਰ ਵਿਚ ਕੇਵਲ ਪੰਜ ਸ਼ਬਦ (ਪੰਜ ਸਾਜਾਂ ਦੀ ਆਵਾਜ਼) ਪ੍ਰਮੁੱਖ ਰਹਿੰਦੀ ਹੈ। ਇਸ ਦੀ ਗੁਆਹੀ ਗੁਰਬਾਣੀ ਦਿੰਦੀ ਹੈ-

*ਪੰਜ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ।*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ।*
*ਤਾਰ ਘੋਰ ਬਾਜਿੰਤ ਤਹ ਸਾਚਿ ਤਖਤ ਸੁਲਤਾਨੁ॥*
(ਵਾਰ ਮਲਾਰ ਸਲੋਕ ਪਹਿਲਾ-1291)

*ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗ ਪਾਨੀ।*
*ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ।*
(ਪ੍ਰਭਾਤੀ ਕਬੀਰ-1350)

*ਪੰਚ ਸਬਦ ਨਿਰਮਾਇਲ ਬਾਜੈ॥*
*ਢੁਲਕੇ ਚਵਰ ਸੰਖ ਘਨ ਗਾਜੈ॥*
(ਰਾਮਕਲੀ ਬੇਣੀ-974)

ਦਸ ਨਾਦ ਸਾਜ ਧੁਨੀਆਂ ਵਿਚੋਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਵੀ ਪ੍ਰਮੁੱਖ ਹੈ ਅਤੇ ਮਗਰੋਂ ਯੁੱਧ ਘੋਸ਼ ਕਰਨ ਲਈ ਵਰਤਿਆ ਗਿਆ ਸੰਖ ਵੀ ਦਸਾਂ ਵਿਚ ਸ਼ੁਮਾਰ ਹੈ। ਸ੍ਰਿਸ਼ਟੀ ਦੇ ਸੰਚਾਲਨ ਦਾ ਜ਼ਿੰਮੇਵਾਰ ਬਣਿਆ ਹਰੇਕ ਦੇਵਤਾ ਕਿਸੇ ਨਾ ਕਿਸੇ ਸਾਜ਼ ਨੂੰ ਸੰਗੀ ਬਣਾ ਕੇ ਪਰਮਾਤਮਾ ਦੇ

ਹੁਕਮ ਅਨੁਸਾਰ ਸੰਗੀਤ ਸਵੱਰ ਉਜਾਗਰ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਧਰਤੀ ਉਤੇ ਸੱਚਖੰਡ ਦੇ ਸਿਰਜਨ ਦਾ ਸੰਕਲਪ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨੂੰ ਧਰਤੀ ਉਤੇ ਬੈਕੁੰਠ ਦਾ ਸਿਰਜਕ ਘੋਸ਼ਿਤ ਕੀਤਾ ਹੈ-

*ਤਹਾਂ ਬੈਕੁੰਠ ਜਹ ਕੀਰਤਨੁ ਤੇਰਾ।*
*ਤੂੰ ਆਪੇ ਸਰਧਾ ਲਾਇਹਿ।*

(ਸੂਹੀ ਪੰਜਵਾ-749)

*ਕਲਜੁਗ ਮਹਿ ਕੀਰਤਨੁ ਪਰਧਾਨਾ*
*ਗੁਰਮੁਖਿ ਜਪੀਐ ਲਾਇ ਧਿਆਨਾ।*

(ਮਾਰੂ ਪੰਜਵਾ-1075)

ਤਨ ਮਨ ਦੇ ਸੁਰਤਾਲ ਵਿਚ ਕੀਤਾ ਪ੍ਰਭੂ ਨਾਮ ਦਾ ਸਿਮਰਨ ਸੁਆਸਾਂ ਨਾਲ ਰਲ ਕੇ ਅਨਾਹਦ ਕੀਰਤਨ ਬਣ ਜਾਂਦਾ ਹੈ। ਕੀਰਤਨ ਦੀ ਪ੍ਰਮੁੱਖਤਾ ਦਾ ਕਾਰਣ ਇਹੋ ਕਿ ਕੀਰਤਨ ਧੁਨੀ ਸ਼ਬਦ ਅਤੇ ਗੁਰਬਾਣੀ ਉਪਦੇਸ਼ ਸ਼ਬਦ ਦੀ ਸਾਂਝੀ ਸੰਗੀਤ ਲਹਿਰੀਆਂ ਮਨੁੱਖੀ ਤਨ ਮਨ ਦੇ ਕਲੇਸ਼ਾਂ ਤੋਂ ਨਿਜਾਤ ਦਿਵਾਉਣ ਲਈ ਅਚੂਕ ਉਪਚਾਰ ਵੀ ਹੈ। ਮਾਨਸਿਕ ਵਿਕਾਰਾਂ ਨਾਲ ਸਰੀਰਕ ਰਸ-ਧਾਤ ਸੰਤੁਲਨ ਵਿਗੜ ਜਾਂਦਾ ਹੈ ਅਤੇ ਅਨੇਕ ਰੋਗ ਉਠ ਖਲੋਂਦੇ ਹਨ, ਜਿਹਨਾਂ ਵਿਚੋਂ ਬਹੁਤਿਆਂ ਦਾ ਇਲਾਜ ਕੀਰਤਨ ਸ੍ਰਵਣ ਅਭਿਆਸ ਨਾਲ ਮਨ-ਤਨ ਨੂੰ ਸੁਰ ਸੰਗੀਤ ਵਿਚ ਲਿਆ ਕੇ ਸੁਭਾਵਿਕਤਾ ਨਾਲ ਹੋ ਜਾਣਾ ਕੋਈ ਅਲੋਕਾਰ ਨਹੀਂ, ਸਗੋਂ ਹਕੀਕਤ ਹੈ। ਕੀਰਤਨ ਦੀਆਂ ਸੁਰਾਂ ਤੇ ਸ਼ਬਦ ਬਾਣੀ ਦੀ ਮੰਤਰ ਸ਼ਕਤੀਆ ਨਾਲ ਚਾਰਜ ਹੋਇਆ ਸਰੋਵਰਾਂ-ਬਾਉਲੀਆਂ ਦਾ ਜਲ ਅਜਿਹਾ ਅੰਮ੍ਰਿਤ ਜੀਵਨ ਦਾਨ ਦੇਂਦਾ ਹੈ।

ਸੰਵਾਦ ਸੰਗਤ ਦੇ ਕੀਰਤਨੀ ਨਿਤਨੇਮ ਅਰਥਾਤ ਆਸਾ ਦੀ ਵਾਰ ਉਤੇ ਕੇਂਦ੍ਰਿਤ ਕਰੀਏ ਤਾਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਪੰਚਮ ਪਾਤਿਸ਼ਾਹ ਸਮੇਂ ਇਸ ਕੀਰਤਨੀ ਨਿਤਨੇਮ ਵਿਚ ਮਹਲੇ ਚੌਥੇ ਦੇ ਛੰਦ ਛੱਕੇ ਮੇਲ ਕੇ ਇਸ ਨਿਤਨੇਮ ਨੂੰ ਪੂਰਨ ਧਰਮ ਸ਼ਾਸ਼ਤਰ ਦਾ ਰੂਪ ਦੇ ਦਿੱਤਾ ਗਿਆ। ਇਸ ਧਰਮ ਸ਼ਾਸ਼ਤਰ ਦਾ ਸਮੁੱਚਾ ਗਿਆਨ ਜਪੁ-(ਸਲੋਕ) ਦਾ ਸਦਾ ਸਤਿ ਹੀ ਹੈ-

*ਆਦਿ ਸਚੁ ਜੁਗਾਦਿ ਸਚੁ।*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।*

ਜਿਹੜੇ ਵਿਦਵਾਨ ਗੁਰਬਾਣੀ ਦਾ ਸੰਦਰਭ ਕੇਵਲ ਇੱਕੀਸਵੀਂ ਸਦੀ ਨਾਲ ਜੋੜਨ ਦੇ ਸੈਮੀਨਾਰ ਕਰਦੇ ਹਨ, ਉਹਨਾਂ ਨੂੰ ਆਸਾ ਦੀ ਵਾਰ ਦੇ ਕੀਰਤਨ ਦੀ ਸਾਰੀ ਬਾਣੀ ਦਾ ਚਿੰਤਨ ਮਨਨ ਕਰਕੇ ਪਹਿਲਾਂ ਇਹ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਜਿਹੜੀ ਬਾਣੀ ਪੰਜ ਸੌ ਸਾਲ ਪਹਿਲਾਂ ਸਾਰਥਕ ਸੀ ਅਤੇ ਪੰਜ ਸੌ ਸਾਲ ਤੋਂ ਮਾਰਗ ਦਰਸ਼ਕ ਬਣੀ ਰਹੀ ਹੈ। ਅਜੋਕੇ ਮਾਹੌਲ ਵਿਚ ਇਸ ਧਰਮ ਸ਼ਾਸ਼ਤਰ ਦੇ ਗੰਭੀਰ ਚਿੰਤਨ ਵਿਚਾਰ ਦੀ ਲੋੜ ਹੈ। ਅਜਿਹਾ ਵਿਚਾਰ ਚਿੰਤਨ ਨਾ ਕੀਤਾ ਜਾਵੇ ਤਾਂ ਸੁਰ ਸੰਗੀਤ ਦੇ ਕੀਰਤਨੀ ਨਿਤਨੇਮ ਦੀ ਇਸ ਬਾਣੀ ਦਾ ਮਹੱਤਵ ਸਮਝ ਨਹੀਂ ਪੈ ਸਕਦਾ। ਸਭ ਤੋਂ ਪਹਿਲਾ ਛੰਦ ਪੜ੍ਹਿਆ ਜਾਂਦਾ ਹੈ ਇਸ ਲਈ ਇਸ ਬਾਣੀ ਉਤੇ ਪੰਛੀ ਝਾਤ ਪਾਉਣੀ ਯੋਗ ਲਗਦੀ ਹੈ।

ਨਾਮ ਸਿਮਰਨ ਤੇ ਕੀਰਤਨ ਲਈ ਅੰਮ੍ਰਿਤ ਵੇਲਾ ਸਰਬੋਤਮ ਮੰਨਿਆ ਗਿਆ ਹੈ। ਉਸ ਸਮੇਂ ਚੰਨ ਅਤੇ ਤਾਰੇ ਧਰਤੀ ਉਤੇ ਅੰਮ੍ਰਿਤ ਵਰਖਾ ਕਰਦੇ ਹੋਏ ਸਭ ਪਾਸੇ ਆਨੰਦ ਲਹਿਰ ਰੁਮਕਾਂਦੇ ਹਨ ਯਥਾ ਗੁਰਬਾਣੀ ਅਨੁਸਾਰ-

*ਹਰਿ ਅੰਮ੍ਰਿਤ ਭਿੰਨੇ ਲੋਇਣਾ*
*ਮਨੁ ਪ੍ਰੇਮਿ ਰਤੰਨਾ ਰਾਮ ਰਾਜੇ।*
*ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ।*

ਉਸ ਸਮੇਂ ਸੰਸਾਰੀ ਕਾਰ-ਵਿਹਾਰ ਕਰਨ ਦੀ ਜੁਗਤਿ ਤਾਂ ਹੁੰਦੀ ਨਹੀਂ ਇਸ ਲਈ ਜੇਕਰ ਗੁਰੂ ਕ੍ਰਿਪਾ ਨਾਲ ਬਾਣੀ ਪੜ੍ਹੀ-ਗਾਈ ਜਾਏ ਤਾਂ ਵੈਰਾਗ ਭਗਤੀ ਆਪ ਹੀ ਪਲਮ ਖਲੋਂਦੇ ਹਨ-

*ਹਰਿ ਪ੍ਰੇਮ ਬਾਣੀ ਮਨੁ ਮਾਰਿਆ*
*ਅਣੀਆਲੇ ਅਣੀਆ ਰਾਮ ਰਾਜੇ।*
*ਜਿਸ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ।*

ਗੁਰੂ ਜਾਗ ਲਗਾ ਕੇ ਸੁੱਤੀ ਜੀਵਾਤਮਾ ਜਗਾ ਕੇ ਅੰਮ੍ਰਿਤ ਅਭਿਲਾਖੀ ਵੀ ਬਣਾਂਦਾ ਹੈ ਅਤੇ ਉਸ ਅਜਰ ਸੁਖ ਤੋਂ ਜਰਨ ਦੀ ਜੁਗਤਿ ਸ਼ਕਤੀ ਵੀ ਦੇਂਦਾ ਹੈ।

ਅੰਮ੍ਰਿਤ ਵੇਲੇ ਦੇ ਏਕਾਂਤ-ਸ਼ੀਤ ਵਾਤਾਵਰਣ ਵਿਚ ਗੁਰਬਾਣੀ ਸ਼ਬਦ ਕੀਰਤਨ ਨਾਲ ਜੁੜ ਕੇ ਹੀ ਆਤਮ ਸਮਰਪਨ ਕਰਨਾ ਸੁਖਾਲਾ ਹੁੰਦਾ ਹੈ-

*ਹਮ ਮੂਰਖ ਮੁਗਧ ਸਰਣਾਗਤੀ*
*ਮਿਲ ਗੋਬਿੰਦ ਰੰਗਾ ਰਾਮ ਰਾਜੇ।*
*ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ।*

ਗੁਰੂ ਕ੍ਰਿਪਾ ਨਾਲ ਪ੍ਰਭੂ ਨਾਲ ਜੁੜ ਕੇ ਸ਼ਰਨਾਗਤ ਹੋਇਆ ਮਨ ਹੀ ਸੱਚੀ ਬੇਨਤੀ ਕਰ ਸਕਦਾ ਹੈ-

*ਦੀਨ ਦਇਆਲ ਸੁਣਿ ਬੇਨਤੀ*
*ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ।*
*ਹਉ ਮਾਗਉ ਸਰਣਿ ਹਰਿ*
*ਨਾਮ ਕੀ ਹਰਿ ਹਰਿ ਮੁਖ ਪਾਇਆ।*

ਗੁਰੂ ਸ਼ਰਨਾਗਤ ਹੋ ਕੇ ਸਿਮਰਨ ਵਿਚ ਜੁੜ ਕੇ ਪ੍ਰਭੂ ਦੇ ਦਰਸ਼ਨ ਸੰਭਵ ਹੁੰਦੇ ਹਨ ਪਰ ਸ਼ਰਤ ਇਹੋ ਹੈ ਕਿ ਗੁਰੂ ਉਪਦੇਸ਼ ਅਨੁਸਾਰੀ (ਗੁਰਮੁਖ) ਹੋਣਾ–

*ਗੁਰਮੁਖਿ ਢੂੰਢਿ ਢੂੰਢੇਦਿਆ*
*ਹਰਿ ਸਜਣੁ ਲਧਾ ਰਾਮ ਰਾਜੇ।*
*ਕੰਚਨ ਕਾਇਆ ਕੋਟ ਗੜ ਵਿਚ ਹਰਿ ਹਰਿ ਸਿਧਾ।*

ਜੀਵਾਤਮਾ ਰੂਪੀ ਬਾਲੜੀ ਪ੍ਰਭੂ ਪ੍ਰੀਤਮ ਦੀ ਲੋੜ ਜੋਬਨ ਵਿਚ ਹੀ ਮਹਿਸੂਸ ਕਰ ਸਕਦੀ ਹੈ ਤੇ ਉਸ ਸਮੇਂ ਗੁਰੂ ਉਸ ਜੋਬਨਾ ਕਾਮਨੀ ਨੂੰ ਪ੍ਰੀਤਮ ਨੂੰ ਮਿਲਣ ਦਾ ਰਾਹ ਦਸਦੇ ਹਨ–

*ਪੰਥ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ।*
*ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ*

ਇਸ ਲਈ ਗੁਰੂ ਪਿਆਰਿਆਂ ਦੀ ਸਦਾ ਉਡੀਕ ਰੱਖਣੀ ਚਾਹੀਦੀ ਹੈ ਜੋ ਪ੍ਰਭੂ ਭਗਤੀ ਮਾਰਗ ਯਾਤਰਾ ਨੂੰ ਸੁਖਾਲਾ ਕਰ ਦੇਣ–

*ਗੁਰਮੁਖਿ ਪਿਆਰੇ ਆਇ ਮਿਲੁ*
*ਮੈ ਚਿਰੀ ਵਿਛੁੰਨੇ ਰਾਮ ਰਾਜੇ।*
*ਮੇਰਾ ਮਨੁ ਤਨੁ ਬਹੁਤੁ ਬੈਰਾਗਿਆ*
*ਹਰਿ ਨੈਣ ਰਸਿ ਭਿੰਨੇ।*

ਉਹ ਕਿੰਨੇ ਹੀ ਭਾਗਾਂ ਵਾਲੇ ਹਨ ਜਿਹੜੇ ਆਸਾ ਦੀ ਵਾਰ ਦੀ ਇਹ ਗੂੰਜਾਂ ਸੁਣ ਕੇ ਲਿਵਲੀਨ ਹੋ ਕੇ ਪ੍ਰਭੂ ਦਰਸ਼ਨਾਂ ਦੇ ਵੈਰਾਗ ਵਿਚ ਗੁਰਬਾਣੀ ਨੂੰ ਮੂਰਤ ਰੂਪ ਕਰਨ ਵਿਚ ਸਮਰਥ ਹੋ ਜਾਂਦੇ ਹਨ।

ਗੁਰੂ ਦਾ ਦਰਵਾਜਾ ਜਾਂ ਗੁਰੂ ਦਾ ਘਰ ਅੰਮ੍ਰਿਤ ਦਾ ਭੰਡਾਰ ਹੈ, ਜਿਸ ਦੀ ਲੱਗੀ ਲੋੜ ਲਗਨ ਅੰਮ੍ਰਿਤ ਵੇਲੇ ਕੀਤਰਨ ਵਿਚ ਸਾਰਥਕ ਹੁੰਦੀ ਹੈ।

*ਗੁਰੂ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤ ਬੁਰਕੇ ਰਾਮ ਰਾਜੇ*
*ਜਿਨ੍ਹਾਂ ਗੁਰਬਾਣੀ ਮਨ ਭਾਈਆ ਅੰਮ੍ਰਿਤ ਛਕਿ ਛਕੇ।*
*ਗੁਰ ਤੁਠੇ ਹਰਿ ਭਾਇਆ ਚੂਕੈ ਧਕਿ ਧਕੇ।*

ਅੰਮ੍ਰਿਤ ਵੇਲੇ ਅੰਮ੍ਰਿਤ ਬਾਣੀ ਰਾਹੀਂ ਅੰਮ੍ਰਿਤ ਭੰਡਾਰਾਂ ਦੇ ਦਰਸ਼ਨ ਕੇਵਲ ਸਤਿਗੁਰੂ ਦੀ ਸ਼ਰਨ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ ਤੇ ਭਗਤੀ ਅੰਮ੍ਰਿਤ ਰੂਪ ਹੀ ਹੈ।

*ਹਰਿ ਅੰਮ੍ਰਿਤ ਭਗਤਿ ਭੰਡਾਰ ਹੈ*
*ਗੁਰ ਸਤਿਗੁਰ ਪਾਸੇ ਰਾਮ ਰਾਜੇ।*
*ਗੁਰੁ ਸਤਿਗੁਰੁ ਸਚਾ ਸਾਹੁ ਹੈ*
*ਸਿਖ ਦੇਇ ਹਰਿ ਰਾਸੇ।*

ਗੁਰਬਾਣੀ ਜਿਧਰੋਂ ਜਾਂ ਜਿਥੋਂ ਵੀ ਸ਼ੁਰੂ ਕਰ ਲਵੋ ਗੁਰ ਪ੍ਰਸਾਦਿ ਦੇ ਚੌਕ ਵਿਚੋਂ ਸਾਰੇ ਗਿਆਨ ਵਿਰਾਗ, ਵਿਵੇਕ, ਭਗਤੀ ਦੀ ਸੋਧ ਮਿਲ ਜਾਂਦੀ ਹੈ।

ਸਤਿਗੁਰ ਰੂਪੀ ਪ੍ਰਮੇਸ਼ਰ ਸਾਰੇ ਭੰਡਾਰਾਂ ਦਾ ਸ਼ਾਹੂਕਾਰ ਹੈ ਤੇ ਦੁਨੀਆ ਵਿਚ ਕਈ ਛੋਟੇ ਛੋਟੇ ਤੁਰਦੇ ਫਿਰਦੇ ਵਣਜਾਰੇ ਹੀ ਮਿਲਦੇ ਹਨ।

*ਸਚੁ ਸਾਹੁ ਹਮਾਰਾ ਤੂੰ ਧਣੀ*
*ਸਭੁ ਜਗਤੁ ਵਣਜਾਰਾ ਰਾਮ ਰਾਜੇ॥*
*ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ॥*

ਮਨੁਖ ਮਿੱਟੀ ਦੇ ਪੁਤਲੇ ਹਨ ਜਿਨ੍ਹਾਂ ਵਿਚ ਪ੍ਰਭੂ ਆਪ ਪ੍ਰਾਣ ਸ਼ਕਤੀ ਬਣ ਕੇ ਵਿਚਰਦਾ ਹੈ। ਪ੍ਰਾਣ ਮਈ ਦੇਹ ਦਾ ਸੰਚਾਲਨ ਮਨ ਕਰਦਾ ਹੈ ਅਤੇ ਮਨ ਨੂੰ ਬੁੱਧੀ ਮਾਰਗ ਦਸਦੀ ਹੈ। ਜਦੋਂ ਬੁੱਧੀ ਗੁਰੂ ਦੀ ਮੱਤ ਲੈ ਲਵੇ ਤਾਂ ਮਨ ਪ੍ਰਭੂ ਭਗਤੀ ਵਲ ਤੁਰ ਪੈਂਦਾ ਹੈ ਅਤੇ ਪ੍ਰਭੂ ਦੀ ਬੇਅੰਤਤਾ ਦਾ ਚਿੰਤਨ ਕਰਨ ਲੱਗਦਾ ਹੈ।

*ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ*
*ਤੂੰ ਅਪਰ ਅਪਾਰੋ ਰਾਮ ਰਾਜੇ।*
*ਹਰਿ ਨਾਮੁ ਸਾਲਾਹਹ ਦਿਨ ਰਾਤਿ ਏਹਾ ਆਸ ਆਧਾਰੋ॥*

ਗੁਰੂ ਤੋਂ ਮਿਲੇ ਪ੍ਰਭੂ ਨਾਮ ਨਾਲ ਮੇਲ ਹੋ ਜਾਣ ਨਾਲ ਹੀ ਮਨ ਦੀ ਸ਼ਰਨਾਗਤੀ ਪੁਖਤਾ ਹੁੰਦੀ ਹੈ ਤੇ ਮਾਫ਼ੀਆਂ ਮੰਗਣ ਦੀ ਜਾਚ ਆਉਂਦੀ ਹੈ।

*ਜਿਉ ਭਾਵੈ ਤਿਉ ਰਾਖਿ ਲੈ*
*ਹਮ ਸਰਣਿ ਪ੍ਰਭ ਆਏ ਰਾਮ ਰਾਜੇ।*
*ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ।*

ਗੁਰਸਿਖ ਦੀ ਇਹ ਸਾਰੀ ਭੂਮਿਕਾ ਸਮਰਥ ਸਤਿਗੁਰੂ ਦੀ ਕਿਰਪਾ ਨਾਲ ਹੀ ਸੰਭਵ ਹੁੰਦੀ ਹੈ। ਗੁਰੂ ਦਾ ਅਰਥ ਹੈ ਗੁ-ਅੰਧੇਰੇ ਤੋਂ ਰੂ-ਪ੍ਰਕਾਸ਼ ਵੱਲ ਲੈ ਜਾਣ ਵਾਲਾ।

*ਜਿਨਾ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ।*
*ਅਗਿਆਨ ਅੰਧੇਰਾ ਕਟਿਆ*
*ਗੁਰ ਗਿਆਨੁ ਘਟਿ ਬਲਿਆ।*

ਤਮ ਸੋ ਮ ਜਿਉਤਿਰਮਮਯ-ਗੁਰੂ-ਅੰਧੇਰੇ ਤੋਂ ਪ੍ਰਕਾਸ਼ ਵੱਲ ਲੈ ਜਾਣ ਵਾਲੇ -ਦੀ ਸੰਗਤਿ ਵਿਚ ਮਨੁੱਖੀ ਜੀਵਨ ਦੀ ਸ਼੍ਰੇਸ਼ਟਤਾ ਸਮਝ ਪੈਂਦੀ ਹੈ–

*ਜਿੰਨੀ ਐਸਾ ਹਰਿਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ।*
*ਇਹੁ ਮਾਣਸ ਜਨਮੁ ਦੁਲੰਭ ਹੈ*
*ਨਾਮੁ ਬਿਨਾ ਬਿਰਥਾ ਸਭ ਜਾਇ।*

ਅੰਮ੍ਰਿਤ ਵੇਲੇ ਅੰਮ੍ਰਿਤ ਬਾਣੀ ਮਨੁਖੀ ਜੀਵਨ ਵਿਚ ਅੰਮ੍ਰਿਤ ਘੋਲਦੀ ਹੈ ਕਿਉਂਕਿ ਉਸ ਵੇਲੇ ਗੁਰੂ ਕਿਰਪਾ

ਨਾਲ ਜਪੁ ਕੀਰਤਨ ਦਾ ਸ੍ਵਣ ਅਭਿਆਸ ਹੀ ਇਹ ਗਿਆਨ ਦੇਂਦਾ ਹੈ:

*ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮ ਰਾਜੇ।*

---

*ਜਨ ਨਾਨਕ ਸਤਿਗੁਰ ਭੇਟਿਆ ਹਰਿ ਨਾਮਿ ਤਰਾਏ॥*

ਉਸ ਅੰਮ੍ਰਿਤ ਰੰਗ ਵਿਚ ਗੁਰਮੁਖ ਤਾਂ ਰੰਗੇ ਜਾਂਦੇ ਹਨ

*ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ।*

*ਜਨੁ ਨਾਨਕ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ।*

ਪਰ ਉਸ ਨਿਰਮਲ ਪਾਵਨ ਪਵਨ ਲਹਿਰਾਂ ਵਿਚ ਜੇਕਰ ਕੋਈ ਮਨ ਵਿਚ ਕਪਟ-ਵਿਕਾਰ (ਲੋਭ-ਲਾਲਸਾ-ਕਾਮਨਾ-ਮੰਦ ਭਾਵਨਾ) ਰਖ ਕੇ ਕੋਈ ਜਪੁ ਕੀਰਤਨ (ਮਾਨਸਿਕ) ਜਾਂ ਗੁਰਬਾਣੀ ਕੀਰਤਨ ਕਰਦਾ ਹੈ ਤਾਂ ਪ੍ਰਭੂ ਨੂੰ ਪ੍ਰਸੰਨ ਨਹੀਂ ਕਰ ਸਕਦਾ। ਅਜਿਹੇ ਵਿਅਕਤੀ ਬੇਸ਼ੱਕ ਵੈਰਾਗੀ ਬਣ ਅਥਰੂ ਵੀ ਕੇਰਦੇ ਰਹਿਣ ਉਹ ਆਪਣੇ ਆਪ ਨਾਲ ਧੋਖਾ ਹੀ ਕਰਦੇ ਹਨ।

*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ*
*ਨਹੀ ਹਰਿ ਹਰਿ ਭੀਜੈ ਰਾਮ ਰਾਜੇ।*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ?*

ਕੀਰਤਨ ਦੀ ਉਪਮਾ ਨਾਲ ਗੁਰਬਾਣੀ ਗ੍ਰੰਥ ਭਰਿਆ ਪਿਆ ਹੈ ਅਤੇ ਕੀਰਤਨ ਸਿਖ ਧਰਮ ਦੇ ਤਨ ਮਨ ਦਾ ਪੂਰਕ ਹੈ। ਸੰਗਤੀ ਕੀਰਤਨ ਨੇਮ ਦੇ ਧਰਮਸ਼ਾਸਤ੍ਰ ਨਾਲ ਜੋੜੇ ਗਏ ਇਸ ਛੰਤ ਵਿਚ ਸਪਸ਼ਟ ਰੂਪ ਵਿਚ ਕੀਰਤਨ ਕਰਨ ਵਾਲੇ ਦੇ ਮਨ ਉਤੇ ਚੋਟ ਕੀਤੀ ਗਈ ਹੈ। ਕੀਰਤਨ ਵਿਚੋਂ ਭਗਤੀ ਅਨੰਦ ਪ੍ਰਾਪਤ ਕਰਨ ਲਈ ਜ਼ਰੂਰੀ ਹੈ:

*ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ*
*ਤੇ ਜਨ ਸੁਘੜ ਸਿਆਣੇ ਰਾਮ ਰਾਜੇ।*
*ਜੇ ਬਾਹਰੁਹ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ।*

ਮਨ ਦੀ ਨਿਰਮਲਤਾ ਤੋਂ ਬਗੈਰ ਨਿਰਮਲ ਪ੍ਰਭੂ ਤਕ ਨਹੀਂ ਪੁਜਿਆ ਜਾ ਸਕਦਾ। ਅਨੰਦ ਸਾਹਿਬ ਵਿਚ ਵੀ ਇਹ ਅੰਤਰ ਸਪਸ਼ਟ ਦਰਜ ਹੈ:

*ਜੀਅਹੁ ਮੈਲੇ ਬਾਹਰਹੁ ਨਿਰਮਲ?*
*ਬਾਹਰਹੁ ਨਿਰਮਲ ਜੀਅਹੁ ਤ ਮੈਲੇ*
*ਤਿਨੀ ਜਨਮੁ ਜੂਐ ਹਾਰਿਆ॥*

ਅਤੇ

*ਜੀਅਹੁ ਨਿਰਮਲ ਬਾਹਰਹੁ ਨਿਰਮਲ*
*ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ।*

ਗੁਰਪ੍ਰਸਾਦਿ ਦੀ ਸ੍ਰੇਸ਼ਟਤਾ ਸਵੀਕਾਰ ਕਰਕੇ ਜਦੋਂ ਗੁਰਬਾਣੀ ਨਾਲ ਜੁੜਿਆ ਜਾਂਦਾ ਹੈ ਤੇ ਕੀਰਤਨ ਰਾਹੀਂ ਗੁਰਬਾਣੀ ਹਿਰਦੇ ਵਿਚ ਉਤਰ ਜਾਂਦੀ ਹੈ ਤਾਂ ਸਤਿਗੁਰੂ ਪ੍ਰਤੀ ਸ਼ਰਧਾ ਹੋਰ ਵੀ ਪਕੇਰੀ ਹੋ ਜਾਂਦੀ ਹੈ।

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ।*
*ਗੁਰ ਸਿਖੀ ਸੋ ਥਾਨੁ ਭਾਲਿਆ*
*ਲੈ ਧੂਰਿ ਮੁਖਿ ਲਾਵਾ॥*

ਗੁਰੂ ਦੇ ਚਰਨ ਸਪਰਸ਼ ਨਾਲ ਪਵਿੱਤਰ ਹੋਏ ਸਥਾਨ ਗੁਰਧਾਮ ਬਣ ਜਾਂਦੇ ਹਨ। ਪਰ ਜਿਹੜੇ ਹਿਰਦਿਆਂ ਵਿਚ ਗੁਰ ਪਰਮੇਸ਼ਰ ਦਾ ਆਸਨ ਲਗ ਜਾਂਦਾ ਹੈ। ਉਨ੍ਹਾ ਗੁਰਮੁਖਾਂ ਦੀ ਭਾਲ ਕਰਕੇ ਹੀ ਸਤਿਸੰਗ ਲਾਭ ਹੁੰਦਾ ਹੈ। ਪ੍ਰੀਤਵਾਨ ਗੁਰਸਿਖ ਨਾਮ-ਕੀਰਤਨ ਰਾਹੀਂ ਨਿਜ ਹਿਰਦੇ ਵਿਚ ਸਤਿਗੁਰੂ ਨੂੰ ਪੱਕਾ ਹੀ ਸਥਾਪਿਤ ਕਰ ਲੈਂਦੇ ਹਨ।

*ਗੁਰ ਸਿਖਾ ਮਨਿ ਹਰਿ ਪ੍ਰੀਤਿ ਹੈ*
*ਹਰਿ ਨਾਮ ਹਰਿ ਤੇਰੀ ਰਾਮ ਰਾਜੇ।*
*ਕਰਿ ਸੇਵਹਿ ਪੂਰਾ ਸਤਿਗੁਰੂ*
*ਭੁਖ ਜਾਇ ਲਹਿ ਮੇਰੀ॥*

ਇਥੇ ਸੰਵਾਦ ਆਤਮ ਨਾਮ ਰਸ ਕੀਰਤਨ ਵਿਚ ਲੀਨ ਗੁਰਮੁਖਾਂ ਦਾ ਹੀ ਹੋ ਰਿਹਾ ਹੈ। ਮੰਗਲ ਧੁਨੀਆ, ਸੋਹਿਲੇ ਤੇ ਵਧਾਈਆ। ਗੁਰੂ ਤੇ ਸਿਖ ਦੇ ਅੰਤਰੀਵ ਮੇਲ ਦੇ ਸੰਦਰਭ ਹੀ ਹਨ।

*ਗੁਰਸਿਖਾ ਮਨਿ ਵਾਧਾਈਆ*
*ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ।*
*ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ*
*ਸੋ ਲਗੈ ਗੁਰਸਿਖਾ ਮਨਿ ਮਿਠਾ।*

ਸਤਿਗੁਰ ਦੀ ਸੇਵਾ ਕਰਕੇ-ਮੇਰਾ ਸਤਿਗੁਰ ਤੁਠਾ - ਦੀ ਪ੍ਰਾਪਤੀ ਕਰਕੇ ਇਹ ਆਸਥਾ ਦ੍ਰਿੜ ਆਤਮ ਘੋਸ਼ ਬਣ ਜਾਂਦੀ ਹੈ।

*ਜਿਨ੍ਹਾਂ ਭੇਟਿਆ ਮੇਰਾ ਪੂਰਾ ਸਤਿਗੁਰੂ*
*ਤਿਨ ਹਰਿਨਾਮ ਦ੍ਰਿੜਾਵੈ ਰਾਮ ਰਾਜੇ।*
*ਤਿਸ ਕੀ ਤ੍ਰਿਸ਼ਨਾ ਭੁਖ ਸਭ ਉਤਰੈ*
*ਜੋ ਹਰਿ ਨਾਮੁ ਧਿਆਵੈ।*

ਇਥੇ ਉਸ ਭੁੱਖ ਦੀ ਤ੍ਰਿਪਤੀ ਹੁੰਦੀ ਹੈ ਜਿਸਦਾ ਜ਼ਿਕਰ ਜਪੁ ਦੀ ਚਾਰ ਮਾਇਆਵਾਦੀ ਸਥਿਤੀਆਂ ਵਿਚ ਹੋਇਆ ਹੈ।

*ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ ਭਾਰ।*

ਨਾਮ ਜਪ ਕੇ ਅਜਿਹੀ ਤ੍ਰਿਪਤ ਮੰਜ਼ਿਲ ਪ੍ਰਾਪਤ ਕਰ ਲੈਣ ਵਾਲਿਆਂ ਲਈ ਸੰਸਾਰ ਬੰਧਨ ਬਿਘਨ ਸਮਾਪਤ ਹੋ ਜਾਂਦੇ ਹਨ।

*ਜਿਨੀ ਗੁਰਮੁਖਿ ਨਾਮ ਧਿਆਇਆ*
*ਤਿਨਾ ਫਿਰ ਬਿਘਨੁ ਨਾ ਹੋਈ ਰਾਮ ਰਾਜੇ।*
ਅਤੇ ਪ੍ਰਭੂ ਰਖਿਆ ਚੱਕਰ ਦੀ ਪ੍ਰਾਪਤੀ ਹੋ ਜਾਂਦੀ ਹੈ।
*ਜਿਨ੍ਹਾਂ ਅੰਤਰਿ ਗੁਰਮੁਖਿ ਪ੍ਰੀਤਿ ਹੈ*
*ਤਿਨ ਹਰਿ ਰਖਣਹਾਰਾ ਰਾਮ ਰਾਜੇ।*
ਇਸ ਤਰ੍ਹਾਂ ਅੰਮ੍ਰਿਤ ਵੇਲੇ ਦੀ ਕੀਰਤਨੀ ਨਿਤਨੇਮ ਵਿਚਲਾ ਪਰਮ ਕਲਸ਼ ਪ੍ਰੇਮਾ ਭਗਤੀ ਜਪੁ (ਸਿਮਰਨ) ਦਾ ਕੀਰਤਨ ਵਿਸਤਾਰ ਸਦਾ ਸੁਰਖਿਆ ਦੇਂਦਾ ਆਇਆ ਹੈ।

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ।*
*ਇਤੀ ਛੰਤ ਵਿਚਾਰ ਸਤਿ ਸ਼ੁਭਮ ਸਤਿ॥*

---

*162 ਏ, ਗਰੇਨ ਮਾਰਕਿਟ, ਮਧਿਆ ਮਾਰਗ, ਚੰਡੀਗੜ੍ਹ*

# ਗ਼ਜ਼ਲ ਦਾ ਦੂਸਰਾ ਨਾਮ ਬੇਗਮ ਅਖਤਰ

## ਸੁਰਪ੍ਰੀਤ ਕੌਰ

ਉਰਦੂ ਦੇ ਪ੍ਰਸਿੱਧ ਸ਼ਾਇਰ ਕੈਫ਼ੀ ਆਜ਼ਮੀ ਨੇ ਟੀ.ਵੀ. ਉੱਤੇ ਬੇਗਮ ਅਖ਼ਤਰ ਨੂੰ ਪੇਸ਼ ਕਰਦਿਆਂ ਉਸ ਦਾ ਪਰਿਚੈ ਇਹਨਾਂ ਸ਼ਬਦਾਂ ਨਾਲ ਕਰਵਾਇਆ ਸੀ-"ਗਜ਼ਲ ਕੇ ਦੋ ਨਾਮ ਹੈਂ, ਏਕ ਗਜ਼ਲ ਔਰ ਦੂਸਰਾ ਬੇਗਮ ਅਖਤਰ।" ਇਸ ਤਰ੍ਹਾਂ ਇਸ ਸੰਗੀਤ ਦੀ ਦੁਨੀਆ ਵਿਚ ਬੇਗਮ ਅਖਤਰ ਦਾ ਨਾਂ ਗਜ਼ਲ ਗਾਇਕੀ ਨਾਲ ਇਕਮਿਕ ਹੋ ਗਿਆ ਸੀ। ਭਾਵੇਂ ਬੇਗਮ ਦੀ ਸੰਗੀਤ ਦੀ ਤਾਲੀਮ ਸ਼ਾਸਤਰੀ ਸੰਗੀਤ ਤੋਂ ਹੀ ਸ਼ੁਰੂ ਹੋਈ ਸੀ ਪਰ ਸੰਗੀਤ ਦੇ ਪੱਕੇ ਰਾਗ ਗਾਉਣ ਨਾਲੋਂ ਉਹ ਉਪ ਸ਼ਾਸਤਰੀ ਸੰਗੀਤ ਅਰਥਾਤ ਗਜ਼ਲ, ਠੁਮਰੀ, ਦਾਦਰਾ ਅਤੇ ਕਜਰੀ ਆਦਿ ਗਾਉਣ ਵਿਚ ਰੁਚੀ ਰਖਦੀ ਸੀ। ਗਜ਼ਲ ਗਾਉਣ ਵੱਲ ਉਸ ਦਾ ਝੁਕਾਅ ਇਸ ਕਰਕੇ ਵੀ ਹੋ ਗਿਆ ਸੀ ਕਿਉਂ ਜੋ ਉਸ ਦਾ ਚਾਚਾ ਨਾਸਿਖ਼ ਲਖਨਵੀ ਆਪਣੇ ਸਮੇਂ ਦਾ ਮਸ਼ਹੂਰ ਸ਼ਾਇਰ ਸੀ, ਜਿਸ ਕਰਕੇ ਘਰ ਵਿਚ ਗਜ਼ਲ ਦਾ ਸ਼ਾਇਰਾਨਾ ਮਾਹੌਲ ਬਣਿਆ ਹੋਇਆ ਸੀ। ਸ਼ੁਰੂ ਸ਼ੁਰੂ ਵਿਚ ਬੇਗਮ ਅਖਤਰ ਨੇ ਆਪਣੇ ਚਾਚੇ ਨਾਸਿਖ਼ ਲਖਨਵੀ ਦੀਆਂ ਗਜ਼ਲਾਂ ਨੂੰ ਹੀ ਸੁਰ-ਬੱਧ ਕਰਕੇ ਗਾਉਣ ਦਾ ਅਭਿਆਸ ਕੀਤਾ।

ਬੇਗਮ ਅਖਤਰ ਦਾ ਜਨਮ 7 ਅਕਤੂਬਰ ਸੰਨ 1914 ਈਸਵੀ ਨੂੰ ਫੈਜ਼ਾਬਾਦ (ਯੂ.ਪੀ.) ਵਿਚ ਹੋਇਆ। ਫੈਜ਼ਾਬਾਦ ਦੀ ਜੰਮਪਲ ਹੋਣ ਕਰਕੇ ਸ਼ੁਰੂ ਵਿਚ ਉਸ ਨੇ ਆਪਣੇ ਨਾਂ ਨਾਲ ਫੈਜ਼ਾਬਾਦ ਜੋੜਿਆ ਸੀ, ਜਿਸ ਕਰਕੇ ਉਹ ਅਖਤਰੀ ਬਾਈ ਫੈਜ਼ਾਬਾਦੀ ਦੇ ਨਾਂ ਨਾਲ ਮਸ਼ਹੂਰ ਹੋ ਗਈ ਸੀ। ਪਰ ਬਾਅਦ ਵਿਚ ਉਸ ਦੀ ਪਛਾਣ ਬੇਗਮ ਅਖ਼ਤਰ ਨਾਂ ਨਾਲ ਹੀ ਵਧੀ। ਬੇਗਮ ਅਖ਼ਤਰ ਨੂੰ ਬਚਪਨ ਤੋਂ ਹੀ ਗਾਇਕਾ ਬਣਨ ਦਾ ਸ਼ੌਕ ਸੀ। ਅੱਠ ਸਾਲ ਦੀ ਉਮਰ ਵਿਚ ਉਸ ਨੇ ਬਕਾਇਦਾ ਤੌਰ 'ਤੇ ਸੰਗੀਤ ਸਿੱਖਣਾ ਸ਼ੁਰੂ ਕੀਤਾ। ਸੰਗੀਤ ਵੱਲ ਵਧੇਰੇ ਰੁਚੀ ਹੋਣ ਕਰਕੇ ਉਸ ਦੇ ਘਰਦਿਆਂ ਨੇ ਉਸ ਨੂੰ ਪਟਿਆਲਾ ਘਰਾਣੇ ਦੇ ਉਸਤਾਦ ਅੱਲਾ ਮੁਹੰਮਦ ਖ਼ਾਨ ਤੋਂ ਸੰਗੀਤ ਦੀ ਤਾਲੀਮ ਲੈਣ ਭੇਜ ਦਿੱਤਾ। ਜਿਥੇ ਉਹ ਦਸ ਸਾਲ ਤੱਕ ਸੰਗੀਤ ਦੀ ਸਿੱਖਿਆ ਹਾਸਲ ਕਰਦੀ ਰਹੀ। ਬਾਅਦ ਵਿਚ ਉਹ ਦੋ ਤਿੰਨ ਸਾਲ ਤੱਕ ਕਿਰਾਨਾ ਘਰਾਣੇ ਦੇ ਉਸਤਾਦ ਅਬਦੁਲ ਵਹੀਦ ਖ਼ਾਨ ਤੋਂ ਵੀ ਸ਼ਾਸਤਰੀ ਸੰਗੀਤ ਦੀ ਤਾਲੀਮ ਹਾਸਲ ਕਰਦੀ ਰਹੀ ਪਰ ਸ਼ਾਸਤਰੀ ਸੰਗੀਤ ਦੀ ਖ਼ਿਆਲ ਗਾਇਕੀ ਦੀ ਬਜਾਏ ਉਹ ਠੁਮਰੀ ਅਤੇ ਦਾਦਰਾ ਗਾਉਣ ਦਾ ਅਭਿਆਸ ਵਧੇਰੇ ਕਰਦੀ ਸੀ। ਇਸ ਲਈ ਉਸ ਨੂੰ ਆਪਣੇ ਉਸਤਾਦ ਤੋਂ ਝਿੜਕਾਂ ਵੀ ਸੁਣਨੀਆਂ ਪੈਂਦੀਆਂ ਪਰ ਉਹ ਆਪਣੇ ਦਿਲ ਦੀ ਆਵਾਜ਼ ਨੂੰ ਦਬਾ ਨਾ ਸਕੀ ਅਤੇ ਉਸਤਾਦ ਦੇ ਮਨ੍ਹਾਂ ਕਰਨ ਉਤੇ ਵੀ ਉਪ ਸ਼ਾਸਤਰੀ ਸੰਗੀਤ ਦਾ ਰਿਆਜ਼ ਕਰਦੀ ਰਹੀ। ਇਸ ਦੀ ਇਕ ਵਜ੍ਹਾ ਇਹ ਵੀ ਸੀ ਕਿ ਬਚਪਨ ਵਿਚ ਇਕ ਵਾਰੀ ਉਹ ਆਪਣੀ ਮਾਂ ਨਾਲ ਥੀਏਟਰ ਵੇਖਣ ਗਈ, ਜਿਥੇ ਉਸ ਨੇ ਆਪਣੇ ਸਮੇਂ ਦੀ ਪ੍ਰਸਿੱਧ ਠੁਮਰੀ ਗਾਇਕਾ ਚਾਂਦ ਬਾਈ ਦਾ ਗਾਇਨ ਸੁਣਿਆ ਤਾਂ ਉਸ ਤੋਂ ਏਨੀ ਪ੍ਰਭਾਵਿਤ ਹੋਈ ਕਿ ਉਸ ਨੇ ਆਪਣੇ ਮਨ ਵਿਚ ਧਾਰ ਲਿਆ ਕਿ ਉਹ ਵੀ ਚਾਂਦ ਬਾਈ ਵਾਂਗ ਠੁਮਰੀ ਅਤੇ ਦਾਦਰਾ ਗਾਏਗੀ। ਸ਼ਾਸਤਰੀ ਸੰਗੀਤ ਦੀ ਤਾਲੀਮ ਕਰਕੇ ਉਸ ਨੂੰ ਸੁਰ ਅਤੇ ਲੈਅ ਉਤੇ ਪੂਰਾ ਅਬੂਰ ਹਾਸਲ ਸੀ। ਇਸ ਲਈ ਠੁਮਰੀ ਅਤੇ ਦਾਦਰਾ ਗਾਉਣ ਵਿਚ ਉਹ ਬਹੁਤ ਹੀ ਮਾਹਰ ਹੋ ਗਈ ਸੀ। ਵੀਹ ਸਾਲ ਦੀ ਉਮਰ ਵਿਚ ਉਸ ਨੇ ਕਲਕੱਤੇ ਵਿਚ ਇਕ ਸਟੇਜ ਉਤੇ ਠੁਮਰੀ ਗਾਇਨ ਪੇਸ਼ ਕੀਤਾ ਤਾਂ ਉਸ ਦੀ ਲੋਚ ਭਰੀ ਆਵਾਜ਼ ਦਾ ਜਾਦੂ ਪੂਰੀ ਤਰ੍ਹਾਂ ਸਰੋਤਿਆਂ ਉਤੇ ਛਾ ਗਿਆ। ਇਸ ਤਰ੍ਹਾਂ ਉਪ ਸ਼ਾਸਤਰੀ ਸੰਗੀਤ ਵਿਚ ਉਸ ਦੀ ਇਕ ਅਲੱਗ ਪਛਾਣ ਬਣ ਗਈ।

ਬੇਗਮ ਅਖ਼ਤਰ ਦੀ ਲੋਚਦਾਰ ਆਵਾਜ਼ ਦਾ ਜਾਦੂ ਫਿਲਮੀ ਦੁਨੀਆ ਉਤੇ ਵੀ ਪਿਆ, ਜਿਸ ਸਦਕਾ ਉਸ ਨੂੰ ਕਈ ਫਿਲਮਾਂ ਵਿਚ ਗਾਉਣ ਅਤੇ ਅਭਿਨੈ ਕਰਨ ਦਾ ਮੌਕਾ ਵੀ ਮਿਲਿਆ। 'ਏਕ ਦਿਨ ਕਾ ਬਾਦਸ਼ਾਹ, 'ਮੁਮਤਾਜ਼ ਬੇਗਮ' ਅਤੇ 'ਰੋਟੀ' ਆਦਿ ਫਿਲਮਾਂ ਵਿਚ ਉਸ ਨੇ ਗੀਤ ਵੀ ਗਾਏ ਤੇ ਅਦਾਕਾਰੀ ਵੀ ਕੀਤੀ। ਇਸ ਤੋਂ ਇਲਾਵਾ ਬੇਗਮ ਅਖ਼ਤਰ ਨੇ ਕਈ ਸਟੇਜੀ ਨਾਟਕਾਂ ਵਿਚ ਵੀ ਅਭਿਨੈ ਕੀਤਾ। 'ਆਂਖ ਕਾ ਨਸ਼ਾ, ਨਈ ਦੁਲਹਨ' ਆਦਿ ਨਾਟਕਾਂ ਵਿਚ ਉਸ ਨੇ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ। ਇਸ ਤਰ੍ਹਾਂ ਸੰਗੀਤ ਅਤੇ ਅਭਿਨੈ ਵਿਚ ਉਸ ਨੇ ਆਪਣਾ

ਇਕ ਵਿਸ਼ੇਸ਼ ਸਥਾਨ ਸਥਾਪਤ ਕਰ ਲਿਆ। ਪਰ ਆਖਰ ਉਸ ਨੂੰ ਇਹਨਾਂ ਦੋਵਾਂ ਕਲਾਵਾਂ ਵਿਚੋਂ ਇਕ ਨੂੰ ਚੁਣਨਾ ਪਿਆ ਅਤੇ ਉਸ ਨੇ ਸੰਗੀਤ ਦੇ ਖੇਤਰ ਨੂੰ ਪਹਿਲ ਦੇ ਕੇ ਆਪਣੀ ਤਵੱਜੋਂ ਗਾਇਨ ਵੱਲ ਲਗਾ ਦਿੱਤੀ।

ਬੇਗਮ ਅਖ਼ਤਰ ਦਾ ਨਿਕਾਹ ਲਖਨਊ ਦੇ ਇਕ ਬੈਰਿਸਟਰ ਇਸ਼ਤਿਆਕ ਅਹਿਮਦ ਅੱਬਾਸੀ ਨਾਲ ਹੋਇਆ। ਉਸ ਦੇ ਪਤੀ ਨੇ ਵੀ ਉਸ ਨੂੰ ਗਾਉਣ ਲਈ ਉਤਸ਼ਾਹਿਤ ਕੀਤਾ। ਠੁਮਰੀ, ਦਾਦਰਾ ਅਤੇ ਕਜਰੀ ਗਾਉਣ ਵਿਚ ਬੇਗਮ ਅਖ਼ਤਰ ਲਾਜਵਾਬ ਸੀ ਪਰ ਜਿਸ ਤਰ੍ਹਾਂ ਦਿਲ ਦੀਆਂ ਗਹਿਰਾਈਆਂ ਵਿਚ ਖੁੱਭ ਕੇ ਉਸ ਨੇ ਗਜ਼ਲ ਗਾਇਨ ਪੇਸ਼ ਕੀਤਾ ਹੈ, ਉਸ ਮੁਕਾਮ ਉਤੇ ਅਜੇ ਤੱਕ ਕੋਈ ਹੋਰ ਗਜ਼ਲ ਗਾਇਕਾ ਨਹੀਂ ਪਹੁੰਚ ਸਕੀ। ਉਰਦੂ ਦੇ ਪ੍ਰਸਿੱਧ ਸ਼ਾਇਰ ਗ਼ਾਲਿਬ, ਮੀਰ, ਦਾਗ਼, ਜਿਗਰ ਅਤੇ ਸ਼ਕੀਲ ਬਦਾਯੂੰਨੀ ਦੀਆਂ ਗਜ਼ਲਾਂ ਉਸ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਗਾਈਆਂ ਹਨ। ਸ਼ਕੀਲ ਬਦਾਯੂੰਨੀ ਦੀ ਇਹ ਗਜ਼ਲ-

"ਐ ਮੁਹੱਬਤ ਤੇਰੇ ਅੰਜਾਮ ਪੇ ਰੋਨਾ ਆਇਆ,
ਜਾਨੇ ਕਿਉਂ ਆਜ ਤੇਰੇ ਨਾਮ ਪੇ ਰੋਨਾ ਆਇਆ।"

ਸੁਣ ਕੇ ਇਸ ਗੱਲ ਦਾ ਅੰਦਾਜਾ ਭਲੀ ਭਾਂਤ ਲਗਾਇਆ ਜਾ ਸਕਦਾ ਹੈ। ਮਸ਼ਹੂਰ ਉਰਦੂ ਸ਼ਾਇਰ ਫਿਰਾਕ ਗੋਰਖਪੁਰੀ ਨੇ ਬੇਗਮ ਅਖ਼ਤਰ ਤੋਂ ਗ਼ਾਲਿਬ ਦਾ ਕਲਾਮ ਸੁਣ ਕੇ ਕਿਹਾ ਸੀ- "ਗ਼ਾਲਿਬ ਦੀਆਂ ਗਜ਼ਲਾਂ ਨੂੰ ਬੇਗਮ ਅਖ਼ਤਰ ਨੇ ਦੁਬਾਰਾ ਅਮਰ ਕੀਤਾ ਹੈ।" ਗ਼ਾਲਿਬ ਦੀਆਂ ਕੁਝ ਗ਼ਜ਼ਲਾਂ ਜਿਵੇਂ ਕਿ-

"ਦਾਇਮ ਪੜਾ ਹੂਆ ਤੇਰੇ ਦਰ ਪਰ ਨਹੀਂ ਹੂੰ ਮੈਂ,
ਖ਼ਾਕ ਐਸੀ ਜ਼ਿੰਦਗੀ ਪੇ ਕਿ ਪੱਥਰ ਨਹੀਂ ਹੂੰ ਮੈਂ।"

ਜਾਂ

"ਆਹ ਕੋ ਚਾਹੀਏ ਏਕ ਉਮਰ ਅਸਰ ਹੋਣੇ ਤੱਕ,
ਕੌਨ ਜੀਤਾ ਹੈ ਤੇਰੀ ਜ਼ੁਲਫ਼ ਕੇ ਸਰ ਹੋਣੇ ਤੱਕ।"

ਵਿਚ ਬੇਗਮ ਅਖ਼ਤਰ ਦਾ ਨਵੇਕਲਾ ਅੰਦਾਜ਼ ਮਨ ਨੂੰ ਮੋਹਣ ਵਾਲਾ ਹੈ।

ਬੇਗਮ ਅਖ਼ਤਰ ਦੀ ਗਾਇਕੀ ਵਿਚ ਪੂਰਬ ਅਤੇ ਪੰਜਾਬ ਦੀ ਗਾਇਕੀ ਦਾ ਮਿਸ਼ਰਣ ਹੈ। ਵੱਖ-ਵੱਖ ਗਰਾਮੋਫੋਨ ਕੰਪਨੀਆਂ ਨੇ ਬੇਗਮ ਅਖ਼ਤਰ ਦੇ ਕੋਈ ਚਾਰ ਸੌ ਦੇ ਲਗਭਗ ਗੀਤ ਰਿਕਾਰਡ ਕੀਤੇ ਹਨ। ਬੇਗਮ ਅਖ਼ਤਰ ਨੂੰ ਭਾਰਤ ਸਰਕਾਰ ਵੱਲੋਂ 1968 ਵਿਚ ਪਦਮ ਸ੍ਰੀ ਦਾ ਸਨਮਾਨ ਮਿਲਿਆ ਅਤੇ 1972 ਵਿਚ ਉਸ ਨੂੰ ਸੰਗੀਤ ਨਾਟਕ ਅਕਾਦਮੀ ਦੇ ਪੁਰਸਕਾਰ ਨਾਲ ਵੀ ਨਿਵਾਜ਼ਿਆ ਗਿਆ।

ਬੇਗਮ ਅਖ਼ਤਰ ਬਹੁਤ ਹੀ ਪ੍ਰਹੇਜ਼ਗਾਰ ਅਤੇ ਖ਼ੁਦਾ ਪ੍ਰਸਤ ਔਰਤ ਸੀ, ਜੋ ਬਿਨ੍ਹਾਂ ਨਾਗਾ ਪੰਜ ਵਕਤ ਨਿਮਾਜ਼ ਅਦਾ ਕਰਦੀ ਸੀ। ਉਹ ਦੋ ਕੁ ਵਾਰ ਮੱਕੇ ਦਾ ਹੱਜ ਵੀ ਕਰ ਆਈ ਸੀ। ਉਂਜ ਤਾਂ ਬੇਗਮ ਅਖ਼ਤਰ ਦੇ ਬਹੁਤ ਸਾਰੇ ਸ਼ਾਗਿਰਦ ਸਨ ਪਰ ਦੋ ਸ਼ਾਗਿਰਦਾਂ, ਮਧੂ ਰਾਣੀ ਅਤੇ ਸ਼ਾਂਤੀ ਹੀਰਾ ਨੰਦ ਨੇ ਉਸ ਦੀ ਗਾਇਨ ਸ਼ੈਲੀ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਕਾਫੀ ਯੋਗਦਾਨ ਪਾਇਆ ਹੈ। ਇਹ ਪ੍ਰਸਿੱਧ ਗਜ਼ਲ ਗਾਇਕਾ 30 ਅਕਤੂਬਰ 1974 ਨੂੰ 60 ਸਾਲਾਂ ਦੀ ਉਮਰ ਭੋਗ ਕੇ ਹਮੇਸ਼ਾ ਲਈ ਇਸ ਲਈ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ। ਪਰ ਉਸ ਦੀ ਆਵਾਜ਼ ਦਾ ਜਾਦੂ ਅਜੇ ਤੱਕ ਵੀ ਸਰੋਤਿਆਂ ਦੇ ਮਨਾਂ ਵਿਚ ਅਮਰ ਹੈ ਤੇ ਰਹਿੰਦੀ ਦੁਨੀਆ ਤੱਕ ਰਹੇਗਾ।

*ਤਕਨੀਕੀ ਸਹਾਇਕ, ਸੰਗੀਤ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਸਾਡੇ ਕੀਰਤਨੀਏ ਭਾਈ ਸੁਖਵਿੰਦਰ ਸਿੰਘ

ਪ੍ਰੋ: ਮੰਗਤ ਸਿੰਘ ਮਸਤਾਨਾ

ਗੁਰਬਾਣੀ ਦੇ ਫੁਰਮਾਨ ਕਥਾ ਕੀਰਤਨ ਸੁਖਦਾਈ ਅਨੁਸਾਰ ਸ਼ਬਦ ਕੀਰਤਨ ਕਰਨ ਵਾਲੇ ਭਾਈ ਸੁਖਵਿੰਦਰ ਸਿੰਘ ਜੀ ਪਿੰਡ ਈਨਾ ਖੇੜਾ (ਮੁਕਤਸਰ) ਦੇ ਜੰਮਪਲ ਹਨ। ਇਨ੍ਹਾਂ ਦੀ ਉਮਰ ਤਕਰੀਬਨ 30 ਸਾਲ ਹੈ। ਇਨ੍ਹਾਂ ਨੇ ਅੱਠਵੀਂ ਤੱਕ ਪੜ੍ਹਾਈ ਕੀਤੀ ਹੈ। ਸਿੱਖ ਸ਼ਹੀਦ ਮਿਸ਼ਨਰੀ ਕਾਲਜ ਪਿੰਡ ਬਾਦੀਆਂ (ਮੁਕਤਸਰ) ਦੇ ਇੰਚਾਰਜ ਭਾਈ ਸੁਮੇਰ ਸਿੰਘ ਦੀ ਰਹਿਨੁਮਾਈ ਵਿਚ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਤੋਂ ਸ਼ਬਦ ਕੀਰਤਨ ਸਿੱਖਣਾ ਆਰੰਭ ਕੀਤਾ। ਤਬਲਾ ਹਾਰਮੋਨੀਅਮ ਸਿੱਖਿਆ।

ਸਮਾਂ ਪਾ ਕੇ ਭਾਈ ਸਾਹਿਬ ਪਟੇਲ ਨਗਰ, ਮਲੋਟ ਵਿਖੇ ਆ ਕੇ ਰਹਿਣ ਲੱਗ ਪਏ। ਪ੍ਰੋ: ਐਮ.ਐਸ. ਮਸਤਾਨਾ ਜੀ ਨਾਲ ਤਬਲੇ ਦੀ ਮਿਹਨਤ ਕਰਦੇ ਸਨ ਉਸ ਤੋਂ ਬਾਅਦ ਭਾਈ ਸਾਹਿਬ ਸਾਹਿਬਜ਼ਾਦਾ ਅਜੀਤ ਸਿੰਘ ਗੁਰਦੁਆਰਾ ਸਾਹਿਬ ਅਤੇ ਗੁ: ਸ੍ਰੀ ਗੁਰੂ ਸਿੰਘ ਸਭਾ ਤਿਲਕ ਨਗਰ ਜਲੰਧਰ ਬਤੌਰ ਹੈਡ ਰਾਗੀ ਦੀ ਡਿਊਟੀ ਨਿਭਾਈ। ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅਤੇ ਦਰਬਾਰ ਸਾਹਿਬ ਮੁਕਤਸਰ ਵੀ ਭਾਈ ਸਾਹਿਬ ਨੇ ਕੀਰਤਨ ਦੀ ਹਾਜ਼ਰੀ ਭਰੀ। ਭਾਈ ਸਾਹਿਬ ਭਾਈ ਨਿਰਮਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਾਲਿਆਂ ਦੀ ਸੇਮ ਕਾਪੀ ਕਰਦੇ ਹਨ। ਸਰੋਤੇ ਭੁਲੇਖਾ ਖਾ ਜਾਂਦੇ ਹਨ ਕਿ ਭਾਈ ਨਿਰਮਲ ਸਿੰਘ ਕੀਰਤਨ ਕਰ ਰਿਹਾ ਹੈ ਜਾਂ ਭਾਈ ਸੁਖਵਿੰਦਰ ਸਿੰਘ ਕੀਰਤਨ ਕਰ ਰਿਹਾ ਹੈ।

ਭਾਈ ਸਹਿਬ ਨਿਰੋਲ ਸ਼ਬਦ ਕੀਰਤਨ ਅਤੇ ਵਿਆਖਿਆ ਵੀ ਬਹੁਤ ਸੋਹਣੀ ਕਰਦੇ ਹਨ। ਭਾਈ ਸਾਹਿਬ ਮਿਲਣਸਾਰ ਵਿਅਕਤੀ ਹਨ। ਗੁਣੀ ਜਨਾਂ ਦੀ ਬਹੁਤ ਕਦਰ ਕਰਦੇ ਹਨ। ਭਾਈ ਸਾਹਿਬ ਦੀ ਕੈਸਟ ਗੋਵਿੰਦ ਕੀ ਬਾਣੀ ਮਿਲਣ ਆਡੀਓ ਮਲੋਟ ਨੇ ਰਿਲੀਜ਼ ਕੀਤੀ। ਭਾਈ ਸਾਹਿਬ ਜੀ ਦੇ ਮਨ ਪਸੰਦ ਰਾਗੀ ਭਾਈ ਨਿਰਮਲ ਸਿੰਘ, ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਸੰਤ ਅਨੂਪ ਸਿੰਘ ਊਨਾ ਵਾਲੇ ਅਤੇ ਭਾਈ ਸਰਬਜੀਤ ਸਿੰਘ ਲਾਡੀ ਆਦਿਕ ਹਨ। ਭਾਈ ਸਾਹਿਬ ਗੁਰੂ ਅਰਜਨ ਦੇਵ ਗੁਰਮਤਿ ਰਾਗੀ ਸਭਾ ਮਲੋਟ ਦੇ ਸੀਨੀਅਰ ਮੈਂਬਰ ਹਨ। ਭਾਈ ਸਾਹਿਬ ਡਾ. ਜਾਗੀਰ ਸਿੰਘ ਜੀ ਦੇ ਧੰਨਵਾਦੀ ਹਨ ਕਿਉਂਕਿ ਡਾ. ਸਾਹਿਬ ਅੰਮ੍ਰਿਤ ਕੀਰਤਨ ਟਰੱਸਟ ਰਾਹੀਂ ਸਿੱਖ ਜਗਤ ਦੀ ਸੇਵਾ ਕਰ ਰਹੇ ਹਨ। ਪ੍ਰਮਾਤਮਾ ਡਾ. ਸਾਹਿਬ ਨੂੰ ਹੋਰ ਕਾਮਯਾਬੀ ਬਖ਼ਸ਼ੇ।

*ਗੁਰੂ ਅਰਜਨ ਦੇਵ ਗੁਰਮਤਿ ਰਾਗੀ ਸਭਾ,*
*ਸੰਗਮ ਰੇਡੀਓ ਅਤੇ ਟੀ.ਵੀ. ਕਾਲਜ, ਮਲੋਟ*

# ਤਬਲਾ ਵਾਦਕ ਭਾਈ ਜਸਵਿੰਦਰ ਸਿੰਘ 'ਪੱਪੂ'

## ਗੁਰਜੰਤ ਸਿੰਘ ਰਾਹੀ

ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਬੰਦੀ ਛੋੜ ਗਵਾਲੀਅਰ ਦੇ ਹਜ਼ੂਰੀ ਰਾਗੀ ਭਾਈ ਸੋਹਣ ਸਿੰਘ ਅਤੇ ਮਾਤਾ ਗੁਰਪ੍ਰੀਤ ਕੌਰ ਦੇ ਘਰ 1972 ਨੂੰ ਜਨਮੇ ਬਾਲਕ ਜਸਵਿੰਦਰ ਸਿੰਘ 'ਪੱਪੂ' ਨੂੰ ਗੁਰਮਤਿ ਸੰਗੀਤ ਦੀਆਂ ਲੋਰੀਆਂ ਨਾਲ ਪਾਲਿਆ ਗਿਆ। ਘਰ ਵਿਚ ਰੱਖੇ ਸਾਜ਼ ਵਾਜਾ, ਤਬਲਾ ਨਾਲ ਖੇਡ ਕੇ ਬਚਪਨ ਦੀਆਂ ਸ਼ਰਾਰਤਾਂ ਕੀਤੀਆਂ। ਖੇਡ ਖੇਡ ਵਿਚ ਪਤਾ ਹੀ ਨਹੀਂ ਚੱਲਿਆ ਕਿ ਕਦੋਂ ਤਬਲੇ ਤੇ ਉਂਗਲਾਂ ਥਿਰਕਣ ਲੱਗੀਆਂ। ਸਕੂਲੀ ਵਿੱਦਿਆ ਐਮ.ਪੀ.ਸਟੇਟ ਦੁਰਗ ਤੋਂ ਸ਼ੁਰੂ ਕਰਕੇ ਬੀ.ਐਸ.ਸੀ. ਨਾਨ ਮੈਡੀਕਲ ਨਾਲ ਪਾਸ ਕਰ ਲਈ। ਬਨਾਰਸ ਘਰਾਣੇ ਦੇ ਤਬਲਾ ਵਾਦਕ ਪੰਡਤ ਸਾਮਤਾ ਪ੍ਰਸਾਦ ਗੁਦਈ ਮਹਾਰਾਜ ਦੇ ਚਰਨੀ ਜਾ ਲੱਗੇ ਅਤੇ ਸੰਗੀਤ ਸਾਧਨਾ ਵਿਚ ਜੁਟ ਗਏ। ਪੜ੍ਹਾਈ ਅਤੇ ਸੰਗੀਤ ਦਾ ਐਸਾ ਤੋਲ ਸਾਵਾਂ ਰੱਖਿਆ ਕਿ ਜਿਥੇ ਪੜ੍ਹਾਈ ਵਿਚ ਡਿਗਰੀ ਕਰ ਲਈ ਉਥੇ ਨਾਲ ਹੀ ਤਬਲੇ ਵਿਚ ਸੰਗੀਤ ਵਿਸਾਰਦ ਅਤੇ ਸੰਗੀਤ ਭਾਸਕਰ ਦੀ ਡਿਗਰੀ ਹਾਸਲ ਕਰ ਲਈ। ਇਸ ਸਮੇਂ ਦੌਰਾਨ 1985 ਵਿਚ ਸ. ਰਣਜੀਤ ਸਿੰਘ ਲੁਧਿਆਣਾ 1993 ਵਿਚ ਅਬਦੁਲ ਸਤਾਰ ਤਾਰੀ ਪਾਕਿਸਤਾਨ ਅਤੇ ਅੱਜ ਕਲ੍ਹ ਉਹ ਜਤਿੰਦਰ ਪਾਲ ਸਿੰਘ 'ਕਾਕਾ' ਲੁਧਿਆਣਾ ਪਾਸੋਂ ਪੰਜਾਬ ਬਾਜ ਪਖਾਵਜ ਸਿੱਖ ਰਹੇ ਹਨ। ਸਕੂਲ ਕਾਲਜ ਸਮੇਂ ਵਿਚ ਫੁਟਬਾਲ ਨੂੰ ਵੀ ਮੈਦਾਨ ਵਿਚ ਚੰਗੀਆਂ ਕਿੱਕਾਂ ਮਾਰਦੇ ਰਹੇ। ਤਬਲਾ ਵਾਦਨ ਵਿਚ ਜਿਥੇ ਸੋਲੋ ਵਾਦਨ ਕਲਾਸੀਕਲ ਵਾਦਨ ਦੇ ਨਾਲ ਲਾਈਟ ਵਜਾਉਣ ਵਿਚ ਵੀ ਮੁਹਾਰਤ ਹਾਸਲ ਹੈ। ਜਿਸ ਸਦਕਾ ਪ੍ਰਸਿੱਧ ਗਾਇਕ ਸਰਦੂਲ ਸਿਕੰਦਰ, ਹੰਸ ਰਾਜ ਹੰਸ ਦੀਆਂ ਕੈਸਟਾਂ ਅਤੇ ਸਟੇਜ ਸੰਗਤ ਵੀ ਕੀਤੀ। ਵਿਸ਼ਵ ਪ੍ਰਸਿੱਧ ਗਜ਼ਲ ਗਾਇਕ ਗੁਲਾਮ ਅਲੀ ਸਾਹਿਬ ਦੀ ਕੈਸਟ 'ਵੰਸ ਮੋਰ' ਵਿਚ ਤਬਲਾ ਵਜਾਇਆ ਅਤੇ ਦਿੱਲੀ ਵਿਖੇ ਲਾਈਵ ਸ਼ੋ ਵੀ ਵਜਾਇਆ।

ਉਸਤਾਦ ਮਕਬੂਲ ਬਾਲੀ ਮਿਊਜ਼ਿਕ ਡਾਇਰੈਕਟਰ ਦੂਰਦਰਸ਼ਨ ਦੀ ਨਿਗਰਾਨੀ ਹੇਠ ਸੁਲਕਸ਼ਨਾ ਪੰਡਿਤ ਦੀ ਗਾਈ ਸ਼ਬਦਾਂ ਦੀ ਕੈਸਟ 'ਸੋਈ ਸੋਈ ਦੇਵੈ, ਠਾਕੁਰ ਤੁਮ ਸਰਨਾਈ ਆਇਆ' ਵਿਚ ਤਬਲਸ ਵਜਾਇਆ ਅਤੇ ਗੁ: ਗੁਰੂ ਕਾ ਬਾਗ ਬਨਾਰਸ ਵਿਖੇ ਤਬਲਾ ਸੰਗਤ ਵੀ ਕੀਤੀ। ਬਾਬਾ ਹਰਿਬੱਲਭ ਸੰਗੀਤ ਸੰਮੇਲਨ ਜਲੰਧਰ 2006 ਵਿਚ 11 ਅਤੇ 13 ਮਾਤਰਾਂ ਦੀ ਸੋਲੋ ਵਜਾਈ। ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਵਿਖੇ ਬਤੌਰ ਤਬਲਾ ਪਲੇਅਰ ਦੀ ਨੌਕਰੀ ਵੀ ਕੀਤੀ ਪਰ ਮਨ ਵਿਚ ਅੱਗੇ ਵਧਣ ਦੀ ਲਾਲਸਾ ਨੇ ਨੌਕਰੀ ਤਕ ਸੀਮਤ ਨਾ ਰਹਿਣ ਦਿੱਤਾ। ਤਬਲਾ ਵਾਦਕਾਂ ਦੀ ਪਸੰਦ ਬਾਰੇ ਦਸਿਆ ਕਿ ਜੇ ਲਾਈਟ ਵਜਾਇਆ ਜਾਵੇ ਤਾਂ ਤਾਰੀ ਸਾਹਿਬ ਵਰਗਾ, ਜੇ ਤਿਆਰੀ ਹੋਵੇ ਤਾਂ ਤਾਫੂ ਖਾਂ ਸਾਹਿਬ ਵਰਗੀ। ਤਬਲਾ ਵਾਦਨ ਵਿਚ ਬੋਲਾਂ ਦੀ ਸਫ਼ਾਈ ਅਤੇ ਤਕਨੀਕੀ ਉਸਤਾਦ ਅੱਲਾ ਰੱਖਾ ਅਤੇ ਜ਼ਾਕਿਰ ਹੁਸੈਨ ਦਾ ਨਾਂ ਲੈਂਦੇ ਹਨ। ਦਿੱਲੀ ਅਤੇ ਬਨਾਰਸ ਘਰਾਣੇ ਦੇ ਉਸਤਾਦ ਵੀ ਵਧੀਆ ਹਨ ਉਨ੍ਹਾਂ ਵਿਚੋਂ ਸਾਫਾਕ ਅਹਿਮਦ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦੇ ਹਨ।

ਜਸਵਿੰਦਰ ਸਿੰਘ ਦੀ ਸੋਚ ਹੈ ਕਿ ਤਬਲਾ ਰੂਹ ਤੱਕ ਪਹੁੰਚੇ ਨਿਰਾ ਕੰਨਾਂ ਨੂੰ ਨਾ ਖਾਵੇ। ਤਬਲਾ ਵਾਦਨ ਸੰਗਤ ਕਰਨ ਵਿਚ ਮੁਹਾਰਤ ਹੋਣ ਦੇ ਨਾਲ ਗਾਇਕ ਦਾ ਮੂਡ ਸਮਝ ਕੇ ਵਜਾਉਣ ਦੀ ਕਲਾ ਤੋਂ ਜਾਣੂ ਹਨ। ਤਬਲਾ ਗਾਣੇ ਵਿਚ ਰਸ ਪੈਦਾ ਕਰੇ ਰੁਕਾਵਟ ਜਾਂ ਭਾਰ ਨਾ ਬਣੇ। ਕਈ ਵਾਰ ਤਬਲਾ ਵਾਦਕ ਆਪਣੀ ਹੀ ਕਲਾਕਾਰੀ ਵਿਖਾਈ ਜਾਂਦੇ ਹਨ ਬੇਲੋੜੀ ਕੋਈ ਵੀ ਸ਼ੈਅ ਚੰਗੀ ਨਹੀਂ ਹੁੰਦੀ।

ਕੀਰਤਨ ਵਿਚ ਭਾਈ ਹਰਬੰਸ ਸਿੰਘ ਜਗਾਧਰੀ, ਭਾਈ ਹਰਜਿੰਦਰ ਸਿੰਘ ਜੀ, ਭਾਈ ਨਿਰੰਜਨ ਸਿੰਘ ਜਵੱਦੀ, ਭਾਈ ਬਲਬੀਰ ਸਿੰਘ, ਭਾਈ ਬਹਾਦਰ ਸਿੰਘ ਮੁਨਸ਼ਾ ਸਿੰਘ, ਭਾਈ ਬਚਨ ਸਿੰਘ ਆਲਮ ਅਤੇ ਉਸਤਾਦ ਜਸਵੰਤ ਸਿੰਘ ਭੰਵਰਾ ਆਦਿ ਨਾਲ ਤਬਲਾ ਸੰਗਤ ਕਰ ਚੁੱਕੇ ਹਨ। ਬੀਬੀ ਬਲਜੀਤ ਕੌਰ ਨਾਲ ਬਹੁਤ ਸੰਗਤ ਕੀਤੀ ਹੈ, ਭਾਈ ਹਰਜਿੰਦਰ ਸਿੰਘ ਦੀ 'ਸਬਦ ਗੁਰੂ ਪ੍ਰਸਾਰਸ' ਸੰਸਥਾ ਦੇ ਵੀ ਮੈਂਬਰ ਹਨ।

ਇਸੇ ਸਮੇਂ ਦੌਰਾਨ ਪ੍ਰਸਿੱਧ ਪੰਜਾਬੀ ਗਾਇਕਾ ਅਫਸਾਂ ਪਾਕਿਸਤਾਨ ਨਾਲ ਦੋਰਾਹੇ ਵਿਖੇ ਹੋਏ ਸਮਾਗਮ ਵਿਚ ਤਬਲਾ ਸੰਗਤ ਕੀਤੀ। ਦਲੇਰ ਮਹਿੰਦੀ ਦੀ ਰਿਕਾਰਡਿੰਗ ਕੰਪਨੀ ਵਿਚ ਪੰਜਾਬੀ ਗਾਇਕ ਰੇਸ਼ਮਾ ਨਾਲ ਤਬਲਾ ਸੰਗਤ ਕੀਤੀ। ਪਿਛਲੇ ਅਠਾਰਾਂ ਸਾਲਾਂ ਤੋਂ ਵੱਖ ਵੱਖ ਰਾਗੀ ਜਥਿਆਂ ਅਤੇ ਗਾਇਕਾਂ ਵਾਦਕਾਂ ਨਾਲ ਤਬਲਾ ਸੰਗਤ ਕਰਕੇ ਆਪਣਾ ਨਾਂ ਅਤੇ ਪਹਿਚਾਣ ਬਣਾਈ।

ਪਿਛਲੇ ਤਿੰਨ ਸਾਲਾਂ ਤੋਂ ਭਾਈ ਜਸਪਾਲ ਸਿੰਘ ਯੂ.ਐਸ.ਏ. ਵਾਲਿਆਂ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਕੀਰਤਨ ਅਤੇ ਵਿਖਿਆਨ ਤੋਂ ਐਸਾ ਪ੍ਰਭਾਵਿਤ ਹੋਏ ਕਿ ਸੋਚ ਹੀ ਬਦਲ ਗਈ। ਹੁਣ ਸਮਝ ਆਈ ਕਿ ਸੰਗਤ ਅਤੇ ਰੂਹਾਨੀਅਤ ਦੀ ਦੁਨੀਆਂ ਵਿਚ ਗੁਰੂ ਦੀ ਮੱਤ ਤੋਂ ਬਿਨਾਂ ਹੋਰ ਕੋਈ ਮੱਤ ਨਹੀਂ ਹੈ। ਕਰਮ ਧਰਮ ਸਾਰੇ ਹੀ ਕਰਦੇ ਹਨ ਤੇ ਕਰਦੇ ਰਹਿਣਗੇ ਪਰ ਮਨ ਦਾ ਅਸਲ ਟਿਕਾ ਉਦੋਂ ਆਉਂਦਾ ਹੈ ਜਦੋਂ ਪੂਰਨ ਗੁਰੂ ਮਿਲ ਜਾਵੇ। ਪਰਿਵਾਰ ਵਿਚ ਅੰਮ੍ਰਿਤਧਾਰੀ ਪਤਨੀ ਅਤੇ ਤਿੰਨ ਬੱਚੇ ਸਾਜਨਪ੍ਰੀਤ ਸਿੰਘ ਤਬਲਾ ਅਤੇ ਮਨਪ੍ਰੀਤ ਸਿੰਘ ਅਤੇ ਬੇਟੀ ਗੁਰਪ੍ਰੀਤ ਗੋਗੀ ਗੁਰਮਤਿ ਸੰਗੀਤ ਗਾਇਨ ਦੀ ਸਿੱਖਿਆ ਲੈ ਰਹੇ ਹਨ। ਅਜਿਹੇ ਹੋਣਹਾਰ ਅਤੇ ਸੇਵਾ ਭਾਵਨਾ ਵਾਲੇ ਕੀਰਤਨੀਆਂ ਨੂੰ ਹੀ ਭਲੋ ਭਲੋ ਰੇ ਕੀਰਤਨੀਆ ਕਿਹਾ ਜਾ ਸਕਦਾ ਹੈ।

*ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ*

# GURU GRANTH SAHIB AND MUSICAL CONSCIOUSNESS FOR DIVINE CONNECTION

Dr. Inderjit N. Kaur and S. Pritam Singh Kohli

**Introduction**

This paper discusses two essential aspects of raag music that earn it natural and complete affirmation from the Gurus. First, the enlightened svar - carved in the depth of one's consciousness - which is the foundation of the raag system, and in particular of the devotional Dhruv-pad tradition, makes this music most suitable for experiencing connection with the Eternal. Raag is an inward journey to the Ghar[1] within us, reinforcing the purpose of Baani - to take us to that same Ghar, where the Divine dwells. Second, raag is essentially an emotional expression, and when its power is harnessed to express devotion for the Divine, it becomes ideal for singing Gurbaani. Thus, the value of raag lies in its roles in the inculcation of a deep consciousness and in the intense expression of devotion.

This requires that raag music be used in a particular manner. Sri Guru Granth Sahib ji provides us with clear directives on the use of music and raag for worship. Shabad Kirtan must lead to a deep state of consciousness where we experience Amrit Ras, which is consonant with the Nirgun philosophy of Sri Guru Granth Sahib ji, and is distinct from the Shringaar Ras and Sargun concept of Hindu philosophy. Shabad Kirtan must take us from the sensual to the mystical, from aahat to anhad. The raag must reinforce the shabad in achieving shabad surat (attuned consciousness).

Based on the guidelines in Sri Guru Granth Sahib ji on the manner of using raags for Divine connection, and the poetic structure of majority of the shabads, as well as historical evidence on Indian raag music and elements of Shabad Kirtan Paramparaa, this paper proposes that the ideal Shabad Kirtan style is a deeply meditative and restrained, devotional dhrupad style. The paper suggests that contemporary Hindustani Khayaal style and popular music styles, being entertainment oriented, are not the ideal genres to experience the depth of Gurbaani. Finally, the paper notes the significance of traditional melodies and emphasizes the need for maintaining the Guru's musical heritage.

***Raag in Sri Guru Granth Sahib ji***

Most of the Baani was revealed to the Gurus in raag. The inspiration from the Divine came to the Gurus in raag, making Baani and raag inseparable. Evidence suggests that starting from Guru Nanak Dev ji, most Baani was revealed in song form in the raags specified in Sri Guru Granth Sahib ji.

The Janamsaakhis tell us of Baba Nanak addressing Bhai Mardana, "Mardaneya, rabab bajaa, Baani aaee hai". This is consistent with independent descriptions of the music of other saint-poets of the Bhakti movement, like Meera, Kabir and Surdas. The norm was to sing devotional poetry in raag, often with an accompanying melodic instrument.

The Shabads have always been written with their specific raags Further, these raags remain mostly unchanged in Sri Guru Granth Sahib ji, indicating that the raags were not a mere editorial feature added by Guru Arjan Dev ji[2].

In fact, Sri Guru Granth Sahib ji is a unique treasure of the eternal Word as revealed to the poet-composer-singer-prophets - as they received it, in the raag that they sang it. Sri Guru Granth Sahib ji has the distinction of being accurate in both word and raag of its composers.

***Raag and svar:***

The svar is the basic medium of expression of a raag. The essence of raag music lies in the svar – which is not merely a musical note but a musical entity carved in the depth of one's consciousness. The raag system of music entails a cultivation of the self — an awakening of the inner self. The musician is required to delve deep into her/his consciousness, and express the feelings in notes called svars. To qualify as raag music, the svars must be the result of inward exploration and emerge from the depth of one's soul. In other words, the musician must recognize her/his own essence and instill the music with this self. This makes raag music particularly suitable for connecting with the Universal. The very process of imbibing this music, as a singer or listener, draws the mind to its Ghar, as in,

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥

O my dear beloved stranger mind, please come home!

ਹਰਿ ਗੁਰੁ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥

Meet with the Lord-Guru, O my dear beloved, and He will dwell in the home of your self.

ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ ॥

Revel in His Love, O my dear beloved, as the Lord bestows His Mercy.

ਗੁਰੁ ਨਾਨਕ ਤੁਠਾ ਮੇਰੇ ਪਿਆਰੇ ਮੇਲੇ ਹਰੇ ॥੧॥

As Guru Nanak is pleased, O my dear beloved, we are united with the Lord. || 1 ||

(Sri Guru Granth Sahib ji, p. 451, Chhant, Aasa, Guru Ram Das ji)

The enlightened svar thus reinforces the message of Gurbaani,

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

O my mind, you are the embodiment of the Divine Light - recognize your own origin.

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

O my mind, the Dear Lord is with you; through the Guru's Teachings, enjoy His Love.

(Sri Guru Granth Sahib ji, p.441. Chhant, Aasa, Guru Amar Das ji)

The central purpose of raag music is not the beauty of the physical sound, but the profoundness in its expression. What shines is not a superficial luster but the purity of purpose. Indeed, it is the growth in this content that imparts emotional depth to the music of the aging musician whose voice has lost its youthful beauty.

ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥

The Gurmukh renounces other songs and tastes.

ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥

The mind of the Gurmukh is awakened to devotion.

ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥

Hearing the unstruck music of the sound current, this mind contemplates the Shabad, and accepts it.

ਆਤਮ ਚੀਨ੍ਹਿ ਭਏ ਨਿਰੰਕਾਰੀ ॥

Understanding itself, this soul becomes attuned to the Formless Lord. ||

(Sri Guru Granth Sahib ji, p.415, Ashtpadiaan, Aasa, Guru Nanak Dev ji)

The enlightened svar, and no ordinary note, formed the seat for the Baani of the Sikh Gurus. The enlightened svar was the medium of expression when the Gurus experienced a profound connection with the Divine.

ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ ॥

I am a sacrifice, my soul is a sacrifice, to those who focus their consciousness on the One.

ਗੁਰਮਤੀ ਮਨ ਇਕਤੁ ਘਰਿ ਆਇਆ
ਸਚੈ ਰੰਗਿ ਰੰਗਾਵਣਿਆ ॥੧॥ ਰਹਾਉ ॥

Through the Guru's Teachings, my mind has come to its only home; it is imbued with the True Color of the Lord's Love. || 1 || Pause ||

(Sri Guru Granth Sahib ji, p.111, Ashtpadiaan, Maajh, Guru Amar Das)

Hence, the musician who has practiced and mastered these svars can best convey the spirituality of the Baani of Sri Guru Granth Sahib ji. And the listener who is attuned to these svars can best comprehend the meaning of Baani. Our quest for unity with the Divine through meditation on Naam is most effective when the Baani is recited with the use of such svars. Indeed, to experience the elevated state of being of the Gurus

as they sang Divine Revelation, we must use the same words, and the same svar and raag and ras.

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰ ਮਾਨੀ॥੧॥

Their singing and listening is approved by the Lord, who accept the Order of the True Guru as True, totally True. ॥ 1 ॥

(Sri Guru Granth Sahib ji, p.669, Dupadey, Dhanaasri, Guru Ram Das ji)

***Raag and Ras:***

Raag is that music which colors the mind with the emotions it expresses. A raag is a melodic form with an emotional personality. It uses a specified set of notes and movements to express an emotion. Each raag was discovered as an emotionally focused (as well as musically pleasing) arrangement of notes. Singing, or playing, within the parameters of a raag, therefore, is the most powerful way of experiencing emotion. In musical genres free of these parameters, the intensity of particular emotions is not as deep.

A raag's moods are expressed through the use of specific svars, their shades, i.e., shrutis (microtones) and the arrangements and context of the svars. The raag's dominant note, its harmonic relationship to the tonic (reference note), its relationship to the other notes of the raag, and the use of shrutis, all determine the mood expressed.

By staying within the precincts of a specified arrangement of svars and shrutis, a raag centers around a particular emotion, cultivating it and impressing it upon the mind of the listener. The musician and listener become immersed in the ras (emotion) generated by the raag. The result is a depth of feeling unparalleled by other musical systems.

***Amrit Ras versus Shringaar Ras in Sri Guru Granth Sahib ji:***

Gurbaani seeks the satisfaction of Amrit Ras - the ecstasy of attaining unity with the Divine.

ਰਸਕਿ ਰਸਕਿ ਗੁਨ ਗਾਵਹੁ
ਗੁਰਮਤਿ ਲਿਵ ਉਨਮਨਿ ਨਾਮਿ ਲਗਾਨ॥

Through the Guru's Teachings, I sing the Glorious Praises of the Lord with joyous love and delight; I am enraptured, lovingly attuned to the Naam, the Name of the Lord.

ਅੰਮ੍ਰਿਤ ਰਸੁ ਪੀਆ ਗੁਰ ਸਬਦੀ
ਹਮ ਨਾਮ ਵਿਟਹੁ ਕੁਰਬਾਨੁ॥੧॥

Through the Word of the Guru's Shabad, I drink in the Ambrosial Essence; I am a sacrifice to the Naam. ॥ 1 ॥

(Sri Guru Granth Sahib ji, p.1335, Prabhati Bibhaas, Guru Ram Das ji)

While it is true that, like other sant-baani, Gurbaani uses a romantic metaphor for the relationship between the human soul and the Divine, it would not be accurate to categorize the ras in Gurbaani as Shringaar Ras. Shringaar Ras encompasses a variety of emotions including love, devotion, virah (pangs of separation), tenderness, joy, restlessness, playfulness, passion, flirtation, jealousy and desire of the senses. Shringaar ras includes both the romantic and the erotic. Shringaar ras has a sensual connotation.

In the Sargun Bhakti tradition, the love for Lord Krishna inspired poetry describing Krishna's Raas-Leela. Here sensuality is accepted in the expression of the relationship between the human soul and the Universal soul, depicted by Raadha and Lord Krishna. Thielemann, writing on Bhakti in Hindu traditions, says, "....bliss is not found in the complete detachment and merging with an attributeless energy, but in a sensual experience of the divine. Indian music as the aesthetic manifestation of bhakti, therefore, is not exclusively spiritualized and meditative in its nature .... but it is indeed very lively and sensual..."[3]

In sharp contrast, the purpose of Gurbaani is to take us beyond the sensual into the realm of the spiritual and mystical. The worship is of a Nirgun, Nirankaar. The soul seeks to merge with the Infinite, and is in agony when separated.

***There is Virah Ras:***

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥

Chop off that head which does not bow to the Lord.

ਨਾਨਕ ਜਿਸੁ ਪਿੰਜਰ ਮਹਿ ਬਿਰਹਾ

ਨਹੀ ਸੋ ਪਿੰਜਰੁ ਲੈ ਜਾਰਿ ॥੧॥

O Nanak, that human body, in which there is no pain of separation from the Lord-take that body and burn it. ‖ 1 ‖

(Sri Guru Granth Sahib ji, p. 89, Vaar, Srirag, Guru Angad Dev ji)

But the virah is for Naam, for Har Ras.

ਮਨ ਅੰਦਰਿ ਅੰਮ੍ਰਿਤ ਗੁਰਮਤਿ ਹਰਿ ਲੀਵਾ ਜੀਉ ॥

If I receive my Love, the Naam, then I live.

ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥

In the temple of the mind, is the Ambrosial Nectar of the Lord; through the Guru's Teachings, we drink it in.

ਹਰਿ ਪਾਇਅੜਾ ਮਨਿ ਜੀਵਾ ਜੀਉ ॥੧॥

I have found the Lord within my mind, and so I live. ‖ 1 ‖

(Sri Guru Granth Sahib ji, p.175, Chaupadey, Gaurhee Maajh, Guru Ram Das ji)

Sri Guru Granth Sahib ji provides clear directives on the emotions that raags should generate.

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥

Gauree Raga is auspicious, if, through it, one comes to think of his Lord and Master.

ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥

He should walk in harmony with the Will of the True Guru; this should be his decoration.

(Sri Guru Granth Sahib ji, p.311, Vaar, Gaurhee, Guru Amar Das ji)

and,

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥

In Raamkalee, I have enshrined the Lord in my mind; thus I have been embellished.

ਗੁਰ ਕੈ ਸਬਦਿ ਕਮਲੁ ਬਿਗਸਿਆ
ਤਾ ਸਉਪਿਆ ਭਗਤਿ ਭੰਡਾਰੁ ॥

Through the Word of the Guru's Shabad, my heart-lotus has blossomed forth; the Lord blessed me with the treasure of devotional worship.

(Sri Guru Granth Sahib ji, p.950, Vaar, Raamkalee, Guru Amar Das ji)

The "shringaar" is of the mind and soul, not the body. The ras is spiritual, not sensual. The ras is Amrit Ras.

ਫੀਕੇ ਹਰਿ ਕੇ ਨਾਮ ਬਿਨੁ ਸਾਦ ॥

Without the Lord's Name, flavors are tasteless and insipid.

ਅੰਮ੍ਰਿਤ ਰਸ ਕੀਰਤਨੁ ਹਰਿ ਗਾਈਐ
ਅਹਿਨਿਸਿ ਪੂਰਨ ਨਾਦ ॥

Sing the Sweet Ambrosial Praises of the Lord's Kirtan; day and night, the Sound-current of the Naad will resonate and resound. ‖ 1 ‖ Pause ‖

(Sri Guru Granth Sahib ji, p.1219, Dupadey, Saarang, Guru Arjan Dev ji)

***Shabad Kirtan and Shabad Surat:***

In Shabad kirtan, when there is a combination of Gurbaani with appropriately used raag music, we have two mutually reinforcing processes at work that help to awaken our inner awareness and to generate Amrit Ras. Shabad kirtan then leads to shabad surat.

The Guru is clear that that manner of Shabad kirtan is best which attunes our consciousness with the Supreme.

ਓਅੰਕਾਰਿ ਏਕ ਧੁਨਿ ਏਕੋ ਏਕੈ ਰਾਗੁ ਅਲਾਪੈ ॥

He sings the song of the One Universal Creator; he sings the tune of the One Lord.

ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥

He lives in the land of the One Lord, shows the way to the One Lord, and remains attuned to the One Lord.

ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥

He centers his consciousness on the One Lord, and serves only the One Lord, who is known through the Guru. ‖ 1 ‖

ਭਲੋ ਭਲੋ ਰੇ ਕੀਰਤਨੀਆ ॥

Blessed and good is such a kirtanee, who sings such Praises.

ਰਾਮ ਰਮਾ ਰਾਮਾ ਗੁਨ ਗਾਉ ॥

He sings the Glorious Praises of the Lord,

ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥

and renounces the entanglements and pursuits of Maya. ‖ 1 ‖ Pause ‖

(Sri Guru Granth Sahib ji, p.884, Chaupadey, Raamkali, Guru Arjan Dev ji)

Gurbaani has the power to lead us from the aahat (struck sound, audible by the senses) to the anhad (un-struck cosmic sound vibrations). Shabad Kirtan that takes us beyond the sensual to the

Ltd.

Singh, Bhai Baldeep, 2001, Sikh Kirtan Maryada, Ahluwalia Lecture, Center For South Asia Studies, University of California, Berkeley.

Singh, Gurjot, et. al, 1998, Gurbani Researcher, CD, International Institute of Gurmat Studies, California

Thielemann, Selina, 2000, Sounds of the Sacred : Religious Music in India, A.P.H. Publishing Corporation, New Delhi.

[1] The reference here is not to the use of the term Ghar before the shabads in the Sri Guru Granth Sahib ji. The authors feel that more research is needed on the interpretation of that usage.

[2] Gurinder Singh Mann (2001), The Making of Sikh Scripture, Chapter 6.

[3] Selina Thielemann, 2000, Sounds of the Sacred : Religious Music in India, A.P.H. Publishing Corporation, New Delhi, p. 16.

[4] These are given on pages 83 (for Sri Rag), 516 (for Gujri), 585 (for Vadhans), 642 (for Sorath), 849 (for Bilaaval), 1087 (for Kedaara), 1176 (for Basant), 1283 (for Malaar), 1419 (for Dhanaasri) and 1425 (for Maaru and Sorath) of Sri Guru Granth Sahib ji.

[5] In addition, there is thumri, daadra, tappa, etc., and of course, the renewed interest in dhrupad.

[6] The other style used is folk music, incorporated in the vaars, allahneea, ghorhiaan, etc..

[7] The Baani Byora, pages 272-279, in the Guru Granth Vishvakosh, by Ratan Singh Jaggi, 2002, gives a count of 2745 padeys out of a total of 4966 shabads by the 6 Gurus. Sloks are next in number, with a count of 1476.

[8] See footnote 7.

[9] Other instances are the vaars on pages 318, 462, 508, 947, 1237, 1278 and 1312, and shabads on pages 91, 93, 203 and 802 of Sri Guru Granth Sahib ji.

[10] An illustration of the musical elements of a shabad-reet (traditional composition), is provided by Bhai Baldeep Singh, Sikh Kirtan Maryada, Ahluwalia Lecture, 2001, Center For South Asia Studies, University of California, Berkeley, Appendix I, p.24.

# ਸੁਰ ਲਿਪੀ

## ਹਰਦੀਪ ਕੌਰ

***ਰਾਗੁ ਬਿਲਾਵਲ***

ਇਹ ਰਾਗ ਬਿਲਾਵਲ ਥਾਟ ਦਾ ਪ੍ਰਮੁੱਖ ਅਤੇ ਮਧੁਰ ਰਾਗ ਹੈ, ਜੋ ਖ਼ੁਸ਼ੀ ਦੇ ਮੌਕੇ ਉਤੇ ਗਾਇਆ ਜਾਂਦਾ ਹੈ। ਜਾਤੀ ਸੰਪੂਰਣ ਸੰਪੂਰਣ ਹੈ। ਨਿਸ਼ਾਦ ਅਤੇ ਗੰਧਾਰ ਵਕਰ ਰੂਪ ਵਿਚ ਲਾਏ ਜਾਂਦੇ ਹਨ। ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਬਿਲਾਵਲ ਰਾਗੁ ਉਤ੍ਰਾਂਗ ਵਾਦੀ ਹੋਣ ਕਰਕੇ ਇਸ ਵਿੱਚ ਤਾਰ ਸ਼ੜਜ ਵਿਸ਼ੇਸ਼ ਸਥਾਨ ਰੱਖਦਾ ਹੈ। ਜਿਸ ਤੋਂ ਅਕਸਰ ਇਸ ਰਾਗ ਦਾ ਆਰੰਭ ਕੀਤਾ ਜਾਂਦਾ ਹੈ। ਇਸ ਨੂੰ ਮੱਧ ਅਤੇ ਤਾਰ ਸਪਤਕ ਵਿਚ ਹੀ ਗਾਉਣਾ ਚਾਹੀਦਾ ਹੈ। ਮੁੱਖ ਸਵਰ ਧੈਵਤ ਹੈ।

***ਅਲਹੀਆ ਬਿਲਾਵਲ:*** ਬਿਲਾਵਲ ਦੇ ਆਰੋਹ ਵਿਚ ਮੱਧਮ ਵਰਜਿਤ ਹੋਵੇ ਅਤੇ ਅਵਰੋਹ ਵਿਚ ਕੋਮਲ 'ਨੁ' ਲਾਇਆ ਜਾਏ ਤਾਂ 'ਧ ਨੁ ਧ ਪ' ਬਣਦਾ ਹੈ ਜਿਸ ਨੂੰ ਅਲਹੀਆ ਬਿਲਾਵਲ ਕਿਹਾ ਜਾਂਦਾ ਹੈ। ਗਾਇਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

***ਥਾਟ*** - ਬਿਲਾਵਲ (ਸਾਰੇ ਸ਼ੁੱਧ ਸਵਰ)

***ਸਮਾਂ*** - ਦਿਨ ਦਾ ਦੂਜਾ ਪਹਿਰ

***ਆਰੋਹ*** - ਸ ਰ ਗ ਮ ਪ, ਧ ਨ ਸਂ।

***ਮੁੱਖ ਅੰਗ*** - ਗ ਰ, ਗ ਪ ਧ ਪ, ਮ ਗ, ਮ ਰ ਸ।

***ਜਾਤੀ*** - ਸੰਪੂਰਣ-ਸੰਪੂਰਣ

***ਵਾਦੀ*** - ਧ ***ਸੰਵਾਦੀ*** - ਗ

***ਅਵਰੋਹ*** - ਸਂ ਨ ਧ, ਪ, ਮ ਗ, ਰ ਸ।

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | ਸਂ | ਸਂ | ਧਨ | ਸਰਂ | ਸਂ | ਨ | ਧ | ਪ |
| | | | | | | | | ਸਿ | ਮ | ਰਿS | ਸਿS | ਮ | ਰਿ | ਪੁ | S |
| | | | | | | | | Ṡ | Ṡ | DN | ṠṘ | Ṡ | N | D | P |
| | | | | | | | | *SI* | *MA* | *R-* | *SI-* | *MA* | *R* | *POO* | - |
| ਗ | ਮ | ਪ | ਮ | ਗ | ਰ | ਸ | - | ਸ | ਸ | ਨ̣ | ਧ̣ | ਨ̣ | ਸ | ਸ | ਸ |
| ਰ | ਨ | S | ਪ੍ਰ | ਭੂ | S | S | S | ਕਾ | S | ਰ | ਜ | ਭ | S | ਏ | S |
| G | M | P | M | G | R | S | - | S | S | Ṇ | Ḍ | Ṇ | S | S | S |
| *RA* | *N* | - | *PARA* | *BHOO-* | | - | - | *KAA* | - | *RA* | *J* | *BHA* | - | *AY* | - |
| ਗ | ਮ | ਪ | ਮ | ਗ | ਰ | ਸ | - | | | | | | | | |
| ਰਾ | S | S | S | ਸਿ | S | S | S | | | | | | | | |
| G | M | P | M | G | R | S | - | | | | | | | | |
| *RAA* | - | - | - | *S* | - | - | - | | | | | | | | |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਗ | ਪ | ਧ | ਨ | ਸਂ | - | ਸਂ | - |
| | | | | | | | | ਕ | ਰ | ਤਾ | ਰ | ਪੁ | ਰਿ | ਕ | ਰ |
| | | | | | | | | G | P | D | N | Ṡ | - | Ṡ | - |
| | | | | | | | | *KA* | *R* | *TAA* | *R* | *PU* | *R* | *KA* | *R* |
| ਧ | ਨ | ਸਂ | ਰਂ | ਸਂ | ਨ | ਧ | ਪ | ਸਂ | ਸਂ | ਗਂ | ਮਂ | ਰਂ | ਰਂ | ਸਂ | ਸਂ |
| ਤਾ | ऽ | ऽ | ਵ | ਸੈ | ऽ | ऽ | ऽ | ਸੰ | ऽ | ਤ | ਨ | ਕੈ | ऽ | ऽ | ऽ |
| D | N | Ṡ | Ṙ | Ṡ | N | D | P | Ṡ | Ṡ | Ġ | Ṁ | Ṙ | Ṙ | Ṡ | Ṡ |
| *TAA* | - | - | *VA* | *SAI* | - | - | - | *SAN* | - | *T* | *N* | *KAI* | - | - | - |
| ਧ | ਨ | ਸਂ | ਰਂ | ਸਂ | ਨ | ਧ | ਪ | | | | | | | | |
| ਪਾ | ऽ | ऽ | | ਸਿ | ऽ | ऽ | ऽ | | | | | | | | |
| D | N | Ṡ | Ṙ | Ṡ | N | D | P | | | | | | | | |
| *PAA* | - | - | - | *S* | - | - | - | | | | | | | | |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

**ਬਿਲਾਵਲ ਮਹਲਾ ੫ ॥**

| | | |
|---|---|---|
| ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ ॥ ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥੧॥ ਰਹਾਉ ॥ | Meditate, meditate in remembrance of the Perfect Lord God, and your affairs shall be perfectly resolved. In Kartaarpur, the City of the Creator Lord, the Saints dwell with the Creator. \|\|1\|\| Pause\|\| | ਹੇ ਭਾਈ! ਸਾਧ ਸੰਗਤਿ ਵਿਚ ਪਰਮਾਤਮਾ (ਆਪ) ਵੱਸਦਾ ਹੈ, ਆਪਣੇ ਸੰਤ ਜਨਾਂ ਦੇ ਅੰਗ ਸੰਗ ਵੱਸਦਾ ਹੈ। (ਸਾਧ ਸੰਗਤਿ ਵਿਚ) ਸਾਰੇ ਗੁਣਾਂ ਨਾਲ ਭਰਪੂਰ ਪ੍ਰਭੂ (ਦਾ ਨਾਮ) ਸਿਮਰ ਸਿਮਰ ਕੇ (ਮਨੁੱਖ ਦੇ) ਸਾਰੇ ਕੰਮ ਸਫ਼ਲ ਹੋ ਜਾਂਦੇ ਹਨ। ੧। ਰਹਾਉ॥ |
| ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥ ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥੧॥ | No obstacles will block your way, when you offer your prayers to the Guru. The Sovereign Lord of the Universe is the Saving Grace, the Protector of the | ਹੇ ਭਾਈ! ਪ੍ਰਭੂ ਪਾਤਿਸ਼ਾਹ ਆਪਣੇ ਸੰਤ ਜਨਾਂ ਦਾ (ਸਦਾ) ਆਪ ਰਾਖਾ ਹੈ, ਪ੍ਰਭੂ (ਦਾ ਨਾਮ) ਸੰਤ ਜਨਾਂ ਦਾ ਸਰਮਾਇਆ ਹੈ। (ਜਿਹੜੇ ਭੀ ਮਨੁੱਖ ਸਾਧ ਸੰਗਤ ਵਿਚ ਆ ਕੇ) ਗੁਰੂ ਦੇ ਦਰ ਤੇ ਅਰਦਾਸ ਕਰਦੇ ਰਹਿੰਦੇ ਹਨ, (ਉਨ੍ਹਾਂ ਦੀ ਜ਼ਿੰਦਗੀ ਦੇ ਰਸਤੇ ਵਿਚ) ਕੋਈ ਰੁਕਾਵਟ ਨਹੀਂ ਪੈਂਦੀ।੧॥ |
| ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥ ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥੨॥ | There is never any deficiency at all; the Lord's treasures are overflowing. His Lotus Feet are enshrined within my mind and body; God is inaccessible and infinite.\|\|2\|\| | (ਹੇ ਭਾਈ! ਸਾਧ ਸੰਗਤਿ ਇਕ ਐਸਾ ਅਸਥਾਨ ਹੈ ਜਿਹਥੇ ਬਖ਼ਸ਼ਸ਼ਾਂ ਦੇ) ਭੰਡਾਰੇ ਭਰੇ ਰਹਿੰਦੇ ਹਨ, (ਉਥੇ ਇਨ੍ਹਾਂ ਬਖਸ਼ਸ਼ਾਂ ਦੀ) ਕਦੇ ਭੀ ਤੋਟ ਨਹੀਂ ਆਉਂਦੀ। (ਜਿਹੜਾ ਭੀ ਮਨੁੱਖ ਸਾਧ ਸੰਗਤਿ ਵਿਚ ਨਿਵਾਸ ਰੱਖਦਾ ਹੈ, ਉਸ ਦੇ) ਮਨ ਵਿਚ (ਉਸ ਦੇ) ਹਿਰਦੇ ਵਿਚ ਅਪਹੁੰਚ ਤੇ ਬੇਅੰਤ ਪ੍ਰਭੂ ਦੇ ਸੋਹਣੇ ਚਰਣ ਟਿਕੇ ਰਹਿੰਦੇ ਹਨ। ੨॥ |
| ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ ॥ ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥੩॥ | All those who work for Him dwell in peace; you can see that they lack nothing. By the Grace of the Saints, I have met God, the Perfect Lord of the Universe.\|\|3\|\| | (ਹੇ ਭਾਈ! ਜਿਹੜੇ ਵੀ ਮਨੁੱਖ ਸਾਧ ਸੰਗਤਿ ਵਿਚ) ਨਿਵਾਸ ਰੱਖਦੇ ਹਨ ਅਤੇ ਨਾਮ ਸਿਮਰਨ ਦੀ ਕਮਾਈ ਕਰਦੇ ਹਨ, ਉਹ ਸਾਰੇ ਸੁਖੀ ਰਹਿੰਦੇ ਹਨ, ਉਨ੍ਹਾਂ ਨੂੰ ਕਿਸੇ ਗੱਲੇ ਕੋਈ ਥੁੜ ਨਹੀਂ ਦਿੱਸਦੀ। ਗੁਰੂ ਦੀ ਕਿਰਪਾ ਨਾਲ ਉਨ੍ਹਾਂ ਨੂੰ ਜਗਤ ਦੇ ਮਾਲਕ ਪੂਰਨ ਪ੍ਰਭੂ ਜੀ ਮਿਲ ਪੈਂਦੇ ਹਨ।੩॥ |
| ਜੈ ਜੈ ਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ ॥ ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ ॥੪॥੩੩॥੬੩॥ (ਪੰਨਾ 816-817) | Everyone congratulates me, and celebrates my victory; the name of the True Lord is so beautiful! Nanak chants the Naam, the home of the Lord, the treasure of peace; I have found the Perfect Guru. \|\|4\|\|33\|\|63\|\| | (ਹੇ ਭਾਈ! ਜਿਹੜੇ ਮਨੁੱਖ ਸਾਧ ਸੰਗਤਿ ਵਿਚ ਟਿਕਦੇ ਹਨ) ਸਾਰੇ ਲੋਕ (ਉਨ੍ਹਾਂ ਦੀ) ਸ਼ੋਭਾ ਵਡਿਆਈ ਕਰਦੇ ਹਨ। ਸਾਧ ਸੰਗਤਿ ਇਕ ਐਸਾ ਸੋਹਣਾ ਥਾਂ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ। ਹੇ ਨਾਨਕ! (ਸਾਧ ਸੰਗਤਿ ਦੀ ਬਰਕਤਿ ਨਾਲ) ਸਾਰੇ ਸੁੱਖਾਂ ਦੇ ਖ਼ਜ਼ਾਨੇ ਹਰਿ-ਨਾਮ ਨੂੰ ਜਪ ਕੇ ਪੂਰੇ ਗੁਰੂ ਦਾ (ਸਦਾ ਲਈ) ਮਿਲਾਪ ਪ੍ਰਾਪਤ ਕਰ ਲਈਦਾ ਹੈ। ੪।੩੩।੬੩। |